# ਅਹਿਸਾਸਾਂ ਦੀਆਂ ਪੈੜਾਂ

# ਅਹਿਸਾਸਾਂ ਦੀਆਂ ਪੈੜਾਂ

ਅੰਮ੍ਰਿਤ ਲਾਲ ਮੰਨਣ

ਆਜ਼ਾਦ ਬੁੱਕ ਡੀਪੂ
ਅੰਮ੍ਰਿਤਸਰ

# Ahsaasan Deeyaan Pairhaan

By

**Amrit lal manan**
**A1/2101, Casa Bella**
**Society sector 82, Gurugram-122004,**
**Mobile -9463224535**

**© Amrit lal manan**
All rights reserved.
No part of this publication may be reproduced or transmitted in any form or by any means, electronic or mechanical, including photocopying, recording or any information storage and retrieval system, without permission in writing from the owner and the publishers.

ISBN : 978-81-976378-1-0

**Edition : 2024**

**Rs.** 250/-

***Published by :***

## Azad Book Depot

**Building No. 100, Hall Bazar, Amritsar.**
**0183-2292513, 94631-70369, 93562-92513**
**E-mail : KD_Singh180@hotmail.com**

**Printed in India by :**
**Prince Art, Asr.**

# ਸਮਰਪਣ

**ਦੇਸ਼ ਦੀ ਉੱਨਤੀ ਲਈ**

**ਸੰਘਰਸ਼ ਦੀ ਰਾਹ ਤੁਰਦੇ**

**ਸਾਥੀਆਂ ਨੂੰ**

**ਸਮਰਪਿਤ**

# ਤਤਕਰਾ


| | | | |
|---|---|---|---|
| ਦੋ ਸ਼ਬਦ ਮੇਰੇ ਵੱਲੋਂ | 9 | ਸਮਾਂ ਬੀਤ ਜਾਵੇਗਾ | 33 |
| ਸੇਵਾ/ਸੰਤੁਸ਼ਟੀ | 11 | ਜ਼ਿੰਦਗੀ ਦੇ ਪਲ | 34 |
| ਕੋਈ ਗਿਲਾ ਨਹੀਂ | 12 | ਭੁੱਖ | 35 |
| ਅਕਿਰਤਘਣ | 13 | ਮਮਤਾ | 36 |
| ਬੁਰੀਆਂ ਖਾਹਿਸ਼ਾਂ | 14 | ਖ਼ੂਬਸੂਰਤੀ/ਬਦਸੂਰਤੀ | 37 |
| ਖ਼ੂਬਸੂਰਤ ਚੇਹਰੇ | 15 | ਨੋਕ ਝੋਕ | 38 |
| ਨਫ਼ਰਤ/ਪਿਆਰ | 16 | ਸਮੇਂ ਦੀ ਪਾਬੰਦੀ | 39 |
| ਖਿੜੇ ਮੱਥੇ | 17 | ਪਿਆਰ/ਮੁੱਹਬਤ/ਜ਼ਿੰਦਗੀ | 40 |
| ਬੇਵਸੀ | 18 | ਦਾਤੇ ਹੱਥ ਡੋਰ | 41 |
| ਅਨੰਦ | 19 | ਗੁੱਸਾ | 42 |
| ਸਧਾਰਨ ਬੰਦਾ | 20 | ਸਭਿਆ ਲੋਕ | 43 |
| ਚਾਹਤ | 21 | ਸੈਂਟ/ ਕਿਰਦਾਰ | 44 |
| ਲਾਲਚ | 22 | ਪ੍ਰਭੂ ਕਿਰਪਾ | 45 |
| ਮੰਦ ਬੁੱਧ/ਸਦ ਬੁੱਧ | 23 | ਨਵਾਂ ਸਾਲ | 46 |
| ਮੇਰਾ ਪਤਾ | 24 | ਸ਼ਰੀਰ/ਆਤਮਾਂ | 47 |
| ਪੰਜਾਬ/ਭਈਏ | 25 | ਆਪ ਮਰੇ ਜੱਗ ਪਰਲੋ | 48 |
| ਅਜ਼ਾਦੀ | 26 | ਪਟਾਖੇ | 49 |
| ਪਾਗ਼ਲ | 27 | ਪਰਿਵਾਰ | 50 |
| ਆਪਣੇ/ਪਰਾਏ | 28 | ਜੀਵਨ ਸਾਥੀ | 51 |
| ਬੇਵਫ਼ਾਈ | 29 | ਛਲ/ਕਪਟ | 52 |
| ਕਾਮ | 30 | ਹਮ ਨਹੀਂ ਚੰਗੇ ਬੁਰਾ ਨਹੀਂ ਕੋਈ | 53 |
| ਰੁੰਡ ਮਰੁੰਡ ਦਰੱਖ਼ਤ ਦੀ ਅਰਦਾਸ | 31 | ਵੇਲੇ ਦੀ ਨਮਾਜ਼ ਤੇ ਕੁਵੇਲੇ ਦੀਆਂ ਟੱਕਰਾਂ | 54 |
| ਵਾਦੜੀਆਂ ਜਜਾਦੜੀਆਂ ਜਾਣ ਸਿਰਾਂ ਦੇ ਨਾਲ | 32 | ਮਿੱਟੀ ਦੇ ਮੁਰੀਦ | 55 |

| | | | |
|---|---|---|---|
| ਇਹ ਜਨਮ/ਉਹ ਜਨਮ | 56 | ਜਿਊਣਾ ਵੀ ਮੈਂ/ਮਰਨਾ ਵੀ ਮੈਂ | 87 |
| ਘੁਮੰਡ | 57 | ਜ਼ਿੰਦਗੀ ਗੋਰਖ ਧੰਦਾ | 88 |
| ਲਾਲਚ/ਗਮ | 58 | ਸਮੁੰਦਰ/ਪਹਾੜ/ ਜੰਗਲ/ ਰੇਗਸਤਾਨ | 89 |
| ਮਿੱਠਾ | 59 | ਕਿੱਥੇ ਫਰਿਆਦ ਕਰੀਏ | 90 |
| ਬੇਨਤੀ | 60 | ਪਤੇ ਦੀ ਗੱਲ | 91 |
| ਰੁੱਸਣਾ/ਮਨਾਉਣਾ | 61 | ਧਰਤੀ ਦੇ ਜਾਏ | 92 |
| ਸਵੀਕਾਰ | 62 | ਦੇਵਦਾਰ ਦਾ ਰੁੱਖ | 93 |
| ਪਿਆਰ ਛੋਹਾਂ | 63 | ਮਾਂ ਬੋਲੀ ਪੰਜਾਬੀ | 94 |
| ਸਿਆਣਪ | 64 | ਤਿੱਤਲੀਆਂ | 95 |
| ਕੀ ਨਾਮ ਧਿਆਈਏ? | 65 | ਦਰੱਖ਼ਤ ਤੇ ਲਟਕੀ ਪਤੰਗ | 96 |
| ਛੋਹ | 66 | ਸੜਕ/ ਰਾਹ/ਮਜ਼ਦੂਰ | 97 |
| ਛਲਾਵਾ | 67 | ਮਨ ਤੇ ਦਿਮਾਗ | 98 |
| ਸੱਚ ਤੇ ਝੂਠ | 68 | ਦਾਤੇ ਦੀ ਮੇਹਰ | 99 |
| ਜ਼ਿੰਦਗੀ ਦੀਆਂ ਲਕੀਰਾਂ | 69 | ਸਹਿਜ ਪਲ | 100 |
| ਸੰਪੂਰਨਤਾ | 70 | ਪੀੜ੍ਹੀ ਦਾ ਅੰਤਰ | 101 |
| ਦਿਲ ਕਰਦਾ | 71 | ਗੁਨਾਹਗਾਰ | 102 |
| ਮਾਯੂਸੀ | 72 | ਅਣਭੋਲ | 103 |
| ਆਧੁਨਿਕ ਯੁੱਗ ਹੈ | 73 | ਵਿਦਾਈ | 104 |
| ਬੰਦਾ ਤੇ ਮੌਸਮ | 74 | ਮੈਦਾਨ ਤੇ ਪਹਾੜ | 105 |
| ਜੰਗਲ | 75 | ਸਫ਼ਰ ਜਾਰੀ ਹੈ | 106 |
| ਸੂਰਜ ਸੁਨੇਹਾ | 76 | ਭਟਕਣ | 107 |
| ਦੁਨੀਆਂ ਰੰਗ ਬਰੰਗੀ | 77 | ਫੁੱਲਾਂ ਦੇ ਬੂਟੇ ਅਤੇ ਕਵਿਤਾ | 108 |
| ਪੈਨ/ਪੈਨਸਿਲ | 78 | ਅੱਜ ਦੀ ਗੱਲ | 109 |
| ਭਵਿੱਖ ਦੀ ਕਵਿਤਾ | 79 | ਬੰਦਾ/ਸ਼ਿਕਾਰੀ | 110 |
| ਭੈ | 80 | ਖ਼ੁਸ਼ੀਆਂ | 111 |
| ਫੁੱਲ | 81 | ਪੌਣ ਦੀ ਵਿਥਿਆ | 112 |
| ਕਮਰੇ ਦੇ ਅੰਦਰ ਕਮਰੇ ਦੇ ਬਾਹਰ | 82 | ਦਾਤੇ ਦਾ ਸ਼ੁਕਰੀਆ | 113 |
| ਕੁਦਰਤ ਦੇ ਅੰਗ ਸੰਗ | 84 | ਕੁਦਰਤ ਦੇ ਨਿਯਮ | 114 |
| ਖ਼ੁਸ਼ ਦਿਲ ਤਿੱਤਲੀ | 85 | ਲੇਖਾ ਜੋਖਾ | 115 |
| ਸੁੱਚੀ ਸੋਚ | 86 | ਹਿਸਾਬ | 116 |

| | | | |
|---|---|---|---|
| ਰੱਬ ਦੀ ਰਜ਼ਾ | 117 | ਜੀਵਨ ਇੱਛਾ | 133 |
| ਸਵਰਗ ਦੀ ਝਲਕ | 118 | ਸੱਚ ਸੱਚ | 134 |
| ਨਵਾਂ/ਪੁਰਾਣਾ | 119 | ਦੂਜੇ ਦਰਜੇ ਦੇ ਨਾਗਰਿਕ | 135 |
| ਪੋਤੇ ਨਾਲ ਫੋਟੋ | 120 | ਸਭ ਠੀਕ ਹੈ | 136 |
| ਜੀਵਨ ਵੰਨ ਸੁਵੰਨੇ | 121 | ਦੁੱਖ/ਸੁੱਖ ਦੀ ਪਰਿਭਾਸ਼ਾ | 137 |
| ਮੈਂ ਤੇ ਬ੍ਰਹਿਮੰਡ | 122 | ਗੁਲਾਬ ਅੱਜ ਵੀ ਖਿੜਿਆ ਹੈ। | 138 |
| ਪਿੰਜਰੇ ਦਾ ਪੰਛੀ | 123 | ਬੀਤੇ ਪਲ | 139 |
| ਹਵਾ/ਮਾਂ | 124 | ਧਰਤੀ ਮਾਂ ਤੇ ਮਾਂ | 140 |
| ਸਰਬੱਤ ਦਾ ਭਲਾ | 125 | ਧਰਤੀ ਮਾਂ | 141 |
| ਮੈਂ ਤੇ ਸ਼ਰੀਰ | 126 | ਵੇਹਲੜ | 142 |
| ਕਾਟੀਮਾਰ | 127 | ਨਵੀਂ ਸੋਚ | 143 |
| ਜ਼ਿੰਦਗੀ | 128 | ਮਨ ਦਾ ਪੰਛੀ | 144 |
| ਮੈਂ ਤੇ ਮੇਰੀ ਦੁਨੀਆ | 129 | ਧਰਮ | 145 |
| ਸ਼ੁਭ ਇਛਾਵਾਂ | 130 | ਕਰੂੰਬਲਾਂ | 146 |
| ਡਰ | 131 | ਗਮਲੇ ਦੇ ਪੌਦੇ | 147 |
| ਅਣਭੋਲ ਸਮੇਂ | 132 | ਭਵਿੱਖ ਦੀ ਕਵਿਤਾ | 148 |

# ਦੋ ਸ਼ਬਦ ਮੇਰੇ ਵੱਲੋਂ

ਇਹ ਮੇਰਾ ਛੇਵਾਂ ਕਾਵਿ ਸੰਗ੍ਰਹਿ ਹੈ ਜੋਂ ਪਾਠਕਾਂ ਨਾਲ ਸਾਂਝਾ ਕਰ ਰਿਹਾ ਹਾਂ। ਇਸ ਤੋਂ ਪਹਿਲਾਂ, ਅੰਮ੍ਰਿਤ ਕਿਣਕੇ, ਅੰਮ੍ਰਿਤ ਅਹਿਸਾਸ, ਚਿੰਤਾ ਚਿੰਤਨ ਚੇਤਨਾ, ਅੰਮ੍ਰਿਤ ਕਾਵਿ ਕਿਆਰੀ, ਅੰਮ੍ਰਿਤ ਵਲਵਲੇ, ਕਾਵਿ-ਸੰਗ੍ਰਹਿ ਰਾਹੀਂ ਹਾਜ਼ਰੀ ਲੁਆ ਚੁੱਕਾ ਹਾਂ।

ਇਸ ਕਾਵਿ ਸੰਗ੍ਰਹਿ 'ਅਹਿਸਾਸਾਂ ਦੀਆਂ ਪੈੜਾਂ' ਰਾਹੀਂ ਮੈਂ ਜ਼ਿੰਦਗੀ ਦੇ ਸਫ਼ਰ ਦੌਰਾਨ ਪੇਸ਼ ਆਪਣੇ ਅਹਿਸਾਸਾਂ ਨੂੰ ਬਿਨਾਂ ਕਿਸੇ ਲੱਗ ਲਪੇਟ ਪਾਠਕਾਂ ਨਾਲ ਸਾਂਝਾ ਕਰਨ ਦਾ ਯਤਨ ਕੀਤਾ ਹੈ। ਵੈਸੇ ਤਾਂ ਅੱਜ ਕੱਲ੍ਹ ਦੀ ਭੱਜ ਦੌੜ ਵਾਲੀ ਜ਼ਿੰਦਗੀ ਵਿੱਚ ਜਿੱਥੇ ਮੋਬਾਇਲ ਫੋਨ ਨੇ ਆਪਣੀ ਸਰਦਾਰੀ ਕਾਇਮ ਕਰ ਲਈ ਹੈ, ਕਿਤਾਬਾਂ ਪੜ੍ਹਨ ਦਾ ਰੁਝਾਨ ਖ਼ਤਮ ਹੀ ਹੋ ਚਲਿਆ ਹੈ, ਜੇਕਰ ਪਾਠਕ ਇਸ ਕਾਵਿ ਸੰਗ੍ਰਹਿ ਨੂੰ ਠਰ੍ਹੰਮੇਂ ਨਾਲ ਸਕੂਨ ਵਾਲੇ ਮਹੌਲ ਵਿੱਚ ਪੜ੍ਹਨਗੇ ਤਾਂ ਇਹ ਕਵਿਤਾਵਾਂ ਜ਼ਰੂਰ ਜ਼ਿੰਦਗੀ ਦੀ ਹਕੀਕਤ ਨੂੰ ਬਿਆਨ ਕਰਦੀਆਂ ਲੱਗਣਗੀਆਂ ਤੇ ਨਿਰਾਸ਼ ਨਹੀਂ ਕਰਨਗੀਆਂ। ਮੇਰਾ ਇਸ ਕਾਵਿ ਸੰਗ੍ਰਹਿ ਨੂੰ ਪਾਠਕਾਂ ਤੱਕ ਪਹੁੰਚਾਉਂਣ ਦਾ ਮਕਸਦ ਇਹ ਹੀ ਹੈ ਕਿ ਜ਼ਿੰਦਗੀ ਦੇ ਪ੍ਰਵਾਹ ਨੂੰ ਮੈਂ ਕਿਵੇਂ ਮਹਿਸੂਸ ਕੀਤਾ ਹੈ। ਪਾਠਕਾਂ ਦੇ ਅਧਿਅਨ ਕਰਨ ਨਾਲ ਸ਼ਾਇਦ ਉਨ੍ਹਾਂ ਦਾ ਕੋਈ ਮਾਰਗ ਦਰਸ਼ਨ ਹੋ ਸਕੇ। ਸਰਬੱਤ ਦੇ ਭਲੇ ਦੀ ਕਾਮਨਾ ਕਰਦੇ ਹੋਏ ਆਪ ਜੀ ਦੀ ਸੇਵਾ ਵਿੱਚ ਹਾਜ਼ਰ ਹਾਂ।

ਹੁੰਗਾਰੇ ਦੀ ਉਡੀਕ ਵਿੱਚ

**ਅੰਮ੍ਰਿਤ ਲਾਲ ਮੰਨਣ**
9463224535

# ਸੇਵਾ/ਸੰਤੁਸ਼ਟੀ

ਧ੍ਰਿਗੁ ਸਰਵਣਿ ਉਪਦੇਸ ਵਿਣੁ ਸੁਣਿ ਸੁਰਤਿ ਨ ਧਰਣੀ।
ਵਿਣੁ ਸੇਵਾ ਧ੍ਰਿਗੁ ਹੱਥ ਪੈਰ ਹੋਰ ਨਿਹਫਲ ਕਰਨੀ।
ਹੰਕਾਰੀ ਬੰਦਾ ਮੈਂ ਮੇਰੇ ਬਾਰੇ ਹੀ ਸੋਚੇ
ਪਰ ਸੇਵਾ ਕਰਨ ਦੀ ਕਦੇ ਨਾ ਲੋਚੇ।
ਸੇਵਾ ਕਰੋ ਉਸਦੀ ਜੋ ਸੇਵਾ ਦਾ ਹੱਕਦਾਰ ਹੋਵੇ
ਸੱਪਾਂ ਦੁੱਧ ਪਿਆਲ ਆਖਿਰ ਬੰਦਾ ਰੋਵੇ।
ਅਕਿਰਤਘਣ ਦੀ ਸੇਵਾ ਕਮਾ ਨਾ ਸੰਤੁਸ਼ਟੀ ਆਵੇ
ਮਨ ਭਟਕੇ ਸੇਵਾ ਨਿਹਫਲ ਜਾਵੇ।
ਨਿਸ਼ਕਾਮ ਨਾ ਜੇ ਸੇਵਾ ਕੀਤੀ ਜਾਵੇ
ਸੇਵਾ ਕਾਰੋਬਾਰ ਬਣ ਜਾਵੇ।
ਲਾਲਚ ਵੱਸ ਜੋ ਸੇਵਾ ਦਾ ਢੌਂਗ ਰਚਾਵੇ
ਕਦੇ ਨਾ ਸੰਤੁਸ਼ਟੀ ਪਾਵੇ ਨਿਹਫਲ ਜੀਵਨ ਜਾਵੇ।

# ਕੋਈ ਗਿਲਾ ਨਹੀਂ

ਦਾਤਾ ਹਾਂ ਤੇਰਾ ਸ਼ੁਕਰਗੁਜ਼ਾਰ
ਜੋਂ ਵੀ ਦਿੱਤਾ, ਖਿੜੇ ਮੱਥੇ ਸਵੀਕਾਰ।
ਮੈਂ ਤੁੱਛ ਬੁੱਧੀ ਨਾ ਬੁੱਝ ਪਾਵਾਂ ਤੇਰੀਆਂ ਰਮਜ਼ਾਂ
ਮੈਂ ਨਿਮਾਣੇ ਦੀਆਂ ਸੌੜੀਆਂ ਸਮਝਾਂ।
ਬੰਦਾ ਨਾ-ਸੁਕਰਾ ਤੇਰੀਆਂ ਬਖਸ਼ਿਸ਼ਾਂ ਭੁਲਾਵੇ
ਥੋੜਾ ਜਿਹਾ ਊਣਾ ਹੋਣ ਤੇ ਕੁਰਲਾਵੇ।
ਦੇਦਾ ਦੇਹਿ ਲੈਂਦੇ ਥਕਿ ਪਾਹਿ।
ਜੁਗਾ ਜੁਗੰਤਰਿ ਖਾਹੀ ਖਾਹਿ।
ਦਾਤਾ ਬਖਸ਼ਣਹਾਰ ਬੰਦਾ ਥੋੜ ਦਿਲਾ
ਤੁੱਛ ਗੱਲਾਂ ਦਾ ਕਰੇ ਗਿਲਾ।
ਮੈਂ ਨਿਮਾਣੇ ਨੂੰ ਕੋਈ ਗਿਲਾ ਨਹੀਂ
ਤੇਰੀਆਂ ਰਹਿਮਤਾਂ ਅਪਰੰਪਾਰ ਨਹੀਂ ਕੋਈ ਗਿਲਾ।

# ਅਕਿਰਤਘਣ

ਦੁਨੀਆਂ ਚੜ੍ਹਦੇ ਨੂੰ ਸਲਾਮਾਂ ਕਰੇ
ਬੀਤੇ ਨੂੰ ਮਿੱਟੀ ਰੁਲਾਵੇ।
ਮੌਕਾ ਪ੍ਰਸਤ ਖ਼ੁਦਗਰਜ਼, ਚਾਲਬਾਜ਼ ਬੰਦਾ
ਥੋੜ੍ਹੇ ਸਮੇਂ ਦੀ ਚੌਧਰ ਲਈ ਭਵਿੱਖ ਦਅ ਤੇ ਲਾਵੇ।
ਅਕਿਰਤਘਣ ਬੀਤੇ ਦੀਆਂ ਵਫ਼ਾਦਾਰੀਆਂ ਠੁਕਰਾ
ਮੌਕਾ ਪ੍ਰਸਤਾਂ ਦੇ ਫੈਲਾਏ ਸੁਨਹਿਰੀ  ਜਾਲ਼ ਵਿੱਚ ਫਸ ਜਾਵੇ।
ਲੱਖ ਸਮਝਾ ਲਵੋ ਬੰਦਾ ਨਾ ਸਮਝੇ ਮੱਤ ਪੁੱਠੀ ਹੋਵੇ
ਜਦੋਂ ਚਾਪਲੂਸਾਂ ਦੇ ਜਾਲ਼ ਵਿੱਚ ਫਸ ਜਾਵੇ।
ਅਕਿਰਤਘਣ ਨੂੰ ਸੱਚੇ ਰਹਿਬਰ ਦੋਖੀ ਲੱਗਣ
ਚਾਪਲੂਸਾਂ ਦੀਆਂ ਚਾਲਾਂ 'ਚ ਫਸ ਸੱਚੇ ਰਹਿਬਰ ਭੁਲਾਵੇ।
ਜ਼ਿੰਦਗੀ ਦਾ ਸਫ਼ਰ ਜੋ ਸਕੂਨ ਨਾਲ ਬਿਤਾਉਣਾ ਚਾਹੇ
ਅਕਿਰਤਘਣ ਦਾ ਕਿਰਦਾਰ ਛੱਡ ਵਫ਼ਾਦਾਰ ਬਣ ਜਾਵੇ।

# ਬੁਰੀਆਂ ਖਾਹਿਸ਼ਾਂ

ਕੁੱਲ ਲੁਕਾਈ ਦਾਤੇ ਅੱਗੇ ਕਰੇ ਅਰਦਾਸਾਂ
ਦਾਤਾ ਪੂਰੀਆਂ ਕਰੇ ਖ਼ਾਹਿਸ਼ਾਂ।
ਪਰ ਦਾਤੇ ਦੇ ਸੱਚੇ ਪੁੱਤਰ ਕੁੱਝ ਨਾ ਮੰਗਣ
ਦਾਤੇ ਦਾ ਸ਼ੁਕਰਾਨਾਂ ਕਰਦੇ ਕਦੇ ਨਾ ਸੰਗਣ।
ਸ਼ਹਿਨਸ਼ਾਹ ਦੇ ਪੁੱਤਰ ਕਦੇ ਨਾ ਮੰਗਣ
ਉਹ ਸਭ ਜਾਣੇ ਕਿਸ ਨੂੰ ਕੀ ਦੈਣਾ
ਮੰਗਤਿਆਂ ਦਾ ਕੰਮ ਮੰਗ ਕੇ ਖਾਣਾ ਸਦਾ ਹੀ ਭੁੱਖੇ ਰਹਿਣਾ।
ਦਾਤਾ ਤੇਰੇ ਤੇ ਭਰੋਸਾ ਕਦੇ ਨਾ ਖਾਲੀ ਰੱਖੇਂਗਾ ਮੇਰਾ ਕਾਸਾ
ਬੁਰੀਆਂ ਖਾਹਿਸ਼ਾਂ ਨਾ ਕਦੇ ਪੂਰੀਆਂ ਹੋਣ ਭਾਵੇਂ ਲੱਖ ਕਰਾਂ ਅਰਦਾਸਾਂ।
ਬੰਦਾ ਤੁੱਛ ਬੁੱਧੀ, ਖਾ ਕੇ ਵੀ ਅੱਗਲੇ ਪਲ ਬਾਰੇ ਸੋਚੇ
ਦਾਤੇ ਦਾ ਲੜ ਛੱਡ, ਅਕਲ ਨਾਲ਼ ਮਸਲੇ ਸੁਲਝਾਉਣੇ ਲੋਚੇ।
ਮੈਂ ਤੁੱਛ ਬੁੱਧੀ ਦਾਤੇ ਤੇ ਟੇਕ ਰੱਖ ਮਿਹਨਤ ਕਰਾਂ
ਸਰਬੱਤ ਦਾ ਭਲਾ ਮੰਗਾਂ
ਬੁਰੀਆਂ ਖਾਹਿਸ਼ਾਂ ਦੀ ਨਾ ਕਦੇ ਆਸ ਕਰਾਂ।

# ਖ਼ੂਬਸੂਰਤ ਚੇਹਰੇ

ਹਰ ਕੋਈ ਲੋਚੇ ਦਾਤਾ ਸਾਨੂੰ ਖ਼ੂਬਸੂਰਤ ਚੇਹਰਾ ਦੇਵੇ
ਖ਼ੂਬਸੂਰਤ ਚੇਹਰਿਆਂ ਦੀ ਦੁਨੀਆਂ ਮੁਰੀਦ ਹੋਵੇ।
ਖ਼ੂਬਸੂਰਤੀ ਪਾ ਬੰਦਾ ਮਨ ਹੀ ਮਨ ਹੀ ਮਨ ਖੁਸ਼ੀ ਮਨਾਵੇ
ਦੁਨੀਆਂ ਲਾਲਚੀ ਹਰ ਖ਼ੂਬਸੂਰਤ ਸ਼ੈਅ ਤੇ ਹੱਕ ਜਮਾਵੇ।
ਕਬਜ਼ਿਆਂ ਦੀ ਖਿਚੋਤਾਣ ਵਿੱਚ ਖ਼ੂਬਸੂਰਤੀ ਬੇਹਾਲ ਹੋਵੇ
ਵਜ਼ੂਦ ਬਚਾਵਣ ਖਾਤਰ ਚਾਲਬਾਜ਼ ਬਣ ਜਾਵੇ।
ਲੋਕ ਫਿਰ ਤੋਹਮਤਾਂ ਲਾਵਣ ਖ਼ੂਬਸੂਰਤ ਚੇਹਰੇ ਚਲਿਤ੍ਰਬਾਜ ਕਹਾਵਣ
ਖ਼ੂਬਸੂਰਤ ਚੇਹਰੇ ਸਕੂਨ ਪਾਵਣ, ਜੇ ਸਤਿਕਾਰੇ ਜਾਵਣ।
ਸਵਾਰਥੀ ਦੁਨੀਆਂ ਵਿੱਚ ਖ਼ੂਬਸੂਰਤੀ ਵਰ ਦੀ ਥਾਂ ਸ਼ਰਾਪ ਬਣ ਜਾਵੇ
ਲੁਟੇਰਿਆਂ ਦੀ ਭਰਮਾਰ ਇਥੇ, ਖ਼ੂਬਸੂਰਤੀ ਕਿਵੇਂ ਜਿੰਦ ਬਚਾਵੇ।
ਖ਼ੂਬਸੂਰਤੀ ਨਾਲ ਸਤਿ ਬੁੱਧੀ ਵਿਰਲਾ ਹੀ ਪਾਵੇ
ਚਾਪਲੂਸਾਂ ਦੇ ਜਾਲ਼ ਵਿੱਚ ਫਸ ਸਭ ਕੁੱਝ ਲੁਟਾਵੇ।
ਦਾਤਾ ਸਰਬਹ ਕਲਾ ਸੰਪੂਰਨ ਵਿਰਲਾ ਜੀਵ ਬਣਾਵੇ
ਸਧਾਰਨ ਮਨੁੱਖ ਖ਼ੂਬਸੂਰਤੀ ਪਾ ਘੁਮੰਡੀ ਹੋ ਜਾਵੇ।

# ਨਫ਼ਰਤ/ਪਿਆਰ

ਜ਼ਿੰਦਗੀ ਦੇ ਵਿੰਗੇ ਟੇਡੇ ਰਸਤੇ ਤੇ ਨਫ਼ਰਤ/ਪਿਆਰ ਆਵਣ
ਹਮਸਫਰ ਜੇ ਪਿਆਰਾ ਸਮਝਦਾਰ ਹੋਵੇ ਤਾਂ ਪੈਂਡੇ ਸੁਖਾਲੇ ਹੋ ਜਾਵਣ।
ਖੁਦਗਰਜ਼ ਸਵਾਰਥੀ ਸਾਥੀ ਨਾ ਕਿਸੇ ਨੂੰ ਭਾਵੇ

ਹਰ ਕੋਈ ਲੋਚੇ ਵਫ਼ਾਦਾਰ ਸਾਥੀ ਮਿਲ ਜਾਵੇ।
ਅਕਿਰਤਘਣ ਸਾਥੀ ਸਭ ਕੁੱਝ ਭੁਲਾਵੇ
ਜਦੋਂ ਕੋਈ ਸ਼ਾਤਰ ਸਬਜ਼ ਬਾਗ਼ ਵਿਖਾਵੇ।
ਸੱਚਾ ਸਾਥੀ ਹਰ ਵੇਲੇ ਭਲਾ ਲੋਚੇ
ਬੇਵਫਾ ਸਾਥੀ ਸਿਰਫ਼ ਨਿਜ ਦੀ ਸੋਚੇ।
ਨਫ਼ਰਤ/ਪਿਆਰ ਦੀ ਭਾਸ਼ਾ ਹਰ ਜੀਵ ਜਾਣੇ
ਖੁਦਗਰਜ਼/ਮੌਕਾ ਪ੍ਰਸਤ ਵੀ ਜਾਣ ਪਛਾਣੇ।

# ਖਿੜੇ ਮੱਥੇ

ਬੰਦੇ ਨਾ ਕਰ ਮੇਰੀ ਮੇਰੀ, ਤੇਰਾ ਇਥੇ ਕੁੱਝ ਵੀ ਨਹੀਂ
ਖਾਲੀ ਹੱਥ ਆਇਆ ਸੀ ਕੁੱਝ ਵੀ ਜਾਣਾ ਨਾਲ਼ ਨਹੀਂ।
ਦਾਤੇ ਦੇ ਦਰ ਤੇਰੇ ਲਈ ਖੁੱਲੇ ਜੋ ਚਾਹੇਂ ਕਰਮ ਕਮਾ ਲੈ
ਕਬਜ਼ਿਆਂ ਪਿੱਛੇ ਲੱਗ, ਨਾ ਅਮੁੱਲ ਜੀਵਨ ਗਵਾ ਲੈ।
ਰਿਸ਼ਤੇ ਨਾਤੇ ਸਭ ਮਤਲਬ ਦੇ ਮਨ ਨੂੰ ਸਮਝਾ ਲੈ
ਸਰਬੱਤ ਦਾ ਭਲਾ ਕਰ, ਜੀਵਨ ਸਫ਼ਲ ਬਣਾ ਲੈ।
ਸਬਰ ਸੰਤੋਖ ਨਾਲ ਜੋ ਜੀਵਨ ਸਫ਼ਰ ਮੁਕਾਉਣਾ ਲੋਚੇ
ਸ਼ੁਭ ਕਰਮ ਕਮਾਵੇ, ਫਲ ਦੀ ਇੱਛਾ ਬਾਰੇ ਕਦੇ ਨਾ ਸੋਚੇ
ਜੀਵਨ ਹੈ ਮਾਇਆ ਜਾਲ ਹਰ ਜੀਵ ਫਸਿਆ, ਤੜਪਾਵੇ
ਦਾਤੇ ਦੇ ਇਸ ਜਾਲ਼ ਵਿੱਚੋ ਕੋਈ ਵਿਰਲਾ ਨਿਕਲ ਪਾਵੇ।
ਖਿੜੇ ਮੱਥੇ ਜੇ ਦਾਤੇ ਦੀ ਰਜ਼ਾ ਵਿੱਚ ਰਹਿਣਾ ਆਵੇ
ਤਾਂ ਜੀਵਨ ਸਫ਼ਲ ਹੋ ਜਾਵੇ।

# ਬੇਵਸੀ

ਦੁੱਖ ਸੁੱਖ ਆਵਣ-ਜਾਵਣ ਦਾ ਕੋਈ ਗਮ ਨਹੀਂ
ਸਦਾ ਇਕ ਸਾਰ ਚੱਲੇ, ਸਮੇਂ ਦਾ ਕੰਮ ਨਹੀਂ।
ਸਦਾ ਨਾ ਰਹਿੰਦੇ ਹੁਸਨ ਜਵਾਨੀ ਸਦਾ ਨਾ ਰਹਿੰਦੇ ਮਾਪੇ
ਜੀਵਨ ਦੀਆਂ ਅਟੱਲ ਸਚਾਈਆਂ ਤੋਂ ਮੂੰਹ ਮੋੜਨਾ ਅਸੰਭਵ ਜਾਪੇ।
ਬੇਚਾਰਗੀ, ਲਾਚਾਰਗੀ, ਬੇਵਸੀ ਦੇ ਨਸੂਰ ਭਾਰੇ
ਸਭ ਕੁੱਝ ਸਹਿ ਲਵੇ ਬੰਦਾ ਬੇਵਸੀ ਕੌਣ ਸਹਾਰੇ।
ਦਾਤਾ ਤੇਰੀਆਂ ਤੂੰ ਜਾਣੇ ਕਿਸ ਨੂੰ ਬੇਵਸੀ ਦੀ ਦਲਦਲ ਵਿੱਚ ਡਬੋਣਾ
ਕਿਸ ਦਾ ਬੇੜਾ ਪਾਰ ਲਗਾਉਣਾ ।
ਦਾਤਿਆ ਦੁੱਖ-ਸੁੱਖ ਜੋ ਚਾਹੇਂ ਦੇਵੀਂ,ਇਹ ਜੀਵਨ ਦੇ ਅੰਗ
ਬੇਵਸੀ ਨਾ ਦੇਵੀਂ ਕਦੇ, ਕਵੀ ਹਿਰਦੇ ਦੀ ਉਮੰਗ।
ਦਾਤਾ ਧੰਨ ਦੌਲਤ ਨਾ ਮੈਂ ਮੰਗਾਂ ਗੁਜ਼ਾਰਾ ਚਲਦਾ ਰਹੇ
ਮਾਯੂਸੀ, ਬੇਵਸੀ ਨਾ ਦੇਵੀਂ ਕਦੇ ਸਦਾ ਚੜ੍ਹਦੀ ਕਲਾ ਰਹੇ।

# ਅਨੰਦ

ਜੀਵਨ ਜਿਊਣ ਦਾ ਆਨੰਦ ਆਵੇ
ਜੀਵਨ ਬਣਾਉਣ ਲਈ ਜੇ ਘਾਲਣਾ ਘਾਲੀ ਹੋਵੇ।
ਪਸੀਨਾ ਵਹਾਏ ਬਗੈਰ ਜੇ ਕੁੱਝ ਮਿਲ ਜਾਵੇ
ਜਲਦੀ ਹੀ ਘੱਟੋ ਕੌਡੀ  ਮਿਲ ਜਾਵੇ।
ਬਹੁਤਾ ਧਨ ਜੋੜ ਆਨੰਦ ਮਿਲੇਗਾ ਮ੍ਰਿਗ ਤ੍ਰਿਸ਼ਨਾ ਹੈ
ਦੀਨ ਈਮਾਨ ਖੋ ਜੋੜਿਆ ਧਨ, ਪ੍ਰੇਸ਼ਾਨ ਕਰਦਾ ਹੈ।
ਲੁੱਟ ਖਸੁੱਟ, ਹੇਰਾ ਫੇਰੀ ਕਰ ਧਨ ਜੋੜ ਆਨੰਦ ਨਾ ਆਵੇ
ਆਨੰਦ ਮਾਣੇ, ਜੋ ਸੁੱਚੀ ਕਿਰਤ ਕਰ ਦਾਤੇ ਦੀ ਰਹਿਮਤ ਪਾਵੇ।
ਆਨੰਦ ਮਾਨਣ ਲਈ ਪਸੀਨਾ ਵਹਾਉਣਾ ਪੈਂਦਾ
ਪਰਾਈ ਦੌਲਤ ਨਾਲ ਆਨੰਦ ਨਹੀਂ ਕਲੇਸ਼ ਪੱਲੇ ਪੈਂਦਾ।
ਮਾਇਆਧਾਰੀ ਏ ਸੀ ਕਮਰੇ ਵਿੱਚ ਗੱਦੇ ਤੇ ਲੇਟ ਚੈਨ ਨਾ ਪਾਵੇ
ਮਿਹਨਤਕਸ਼ ਦਰਖਤ ਦੀ ਛਾਂ ਹੇਠ ਜ਼ਮੀਨ ਤੇ ਲੇਟ ਆਨੰਦ ਮਨਾਵੇ।
ਮਿਹਨਤਕਸ਼ ਮਿਹਨਤ ਤੇ ਟੇਕ ਰੱਖਣ
ਦਾਤੇ ਦੀ ਮੇਹਰ ਸਦਕਾ ਆਨੰਦ ਦਾ ਸੁਆਦ ਚੱਖਣ।

# ਸਧਾਰਨ ਬੰਦਾ

ਮੈਂ ਸਧਾਰਨ ਬੰਦਾ ਨਾ ਸਮਝ ਸਕਿਆ ਦੁਨੀਆਂ ਦਾ ਗੋਰਖ ਧੰਦਾ
ਦੁਨੀਆਂ ਦਾਰੀ ਜਾਵਾਂ ਨਿਭਾਈ ਚਾਪਲੂਸੀ ਦੀ ਕਲਾ ਨਾ ਸਿਖਿਆ ਬੰਦਾ।
ਦੁਨੀਆਂ ਮਿੱਠਾ ਖਾਣਾ ਚਾਹੇ ਕੌੜੇ ਤੋਂ ਕੰਨੀ ਕਤਰਾਵੇ
ਮਿੱਠੇ ਬਣ ਭਾਵੇਂ ਲੁੱਟੋ, ਖ਼ੁਸ਼ੀ ਖ਼ੁਸ਼ੀ ਲੁਟਾਈ ਖਾਵੇ।
ਸਿਆਣਿਆਂ ਦਾ ਆਖਿਆ ਤੇ ਔਲੇ ਦਾ ਖਾਧਾ ਸਮਾਂ
ਪੈਣ ਤੇ ਰੰਗ ਵਿਖਾਉਣ, ਭੁੱਲ ਜਾਵੇ।
ਚਿਕਣੀਆ ਚੋਪੜੀਆਂ ਗੱਲਾਂ ਕਰਨ ਦਾ ਜੋ ਵੱਲ ਨਾ ਸਿੱਖੇ
ਜੀਵਨ ਭਰ ਸਹੇ ਦੁਸ਼ਵਾਰੀਆਂ ਫੱਟ ਲੱਗਣ ਤਿੱਖੇ।
ਮੂੰਹ ਦੇ ਮੀਆਂ ਮਿੱਠੂ ਇਥੇ ਵਾਹ ਵਾਹ ਖੱਟਣ
ਮੂੰਹ ਤੇ ਸੱਚ ਬੋਲਣ ਵਾਲੇ ਨਿੰਦਾ ਖੱਟਣ।

# ਚਾਹਤ

ਬੰਦੇ ਦੀ ਚਾਹਤ ਪੂਰੀ ਹੋ ਜਾਵੇ ਤਾਂ ਖ਼ੁਸ਼ ਹੋ ਜਾਵੇ
ਨਾ ਪੂਰੀ ਹੋਵੇ ਤਾਂ ਸੋਗੀ ਹੋ ਜਾਵੇ।
ਬੰਦਾ ਸਵਾਰਥ ਦਾ ਪੁਤਲਾ ਹੈ
ਜਿੱਥੇ ਟੁੱਕ ਪਵੇ ਉੱਥੇ ਪੂਛ ਹਿਲਾਉਂਦਾ ਹੈ।
ਬੰਦੇ ਦੀਆਂ ਚਾਹਤਾਂ ਦੀ ਨਾ ਕੋਈ ਸੀਮਾ ਹੈ
ਇਸੇ ਲਈ ਦੁੱਖਾਂ ਨੇ ਘੇਰਾ ਪਾਇਆ ਹੈ।
ਮੈਂ ਮੇਰੇ ਦੀ ਦੌੜ ਵਿੱਚ ਹਰ ਕੋਈ ਸ਼ਾਮਲ ਹੈ
ਮਤਲਬ ਨਿਕਲ ਜਾਵੇ ਤਾਂ ਠਿੱਬੀ ਲਾਉਂਦਾ ਹੈ।
ਨੇਕੀ ਕਰ ਕੇ ਭੁੱਲ ਜਾਵੋ ਜੇ ਸਕੂਨ ਪਾਉਣਾ ਹੈ
ਚਾਹਤਾਂ ਨੇ ਤਾਂ ਉਲਟਾ ਸਿੱਧਾ ਨਚਾਉਣਾ ਹੈ।
ਚਾਹਤ/ਭਟਕਣ ਨੇ ਇਕੋ ਰੂਪ
ਇੰਨ੍ਹਾਂ ਦੇ ਵੱਸ ਪੈ ਬੰਦਾ ਖੋਵੇ ਆਪਣਾ ਸਰੂਪ।
ਚਾਹਤ ਜੇ ਪਰਉਪਕਾਰ ਦੀ ਹੋ ਜਾਵੇ
ਦੁਨੀਆਂ ਵਿੱਚੋਂ ਕਲ੍ਹਾ-ਕਲੇਸ਼ ਮੁੱਕ ਜਾਵੇ।

# ਲਾਲਚ

ਸਿਆਣੇ ਕਹਿੰਦੇ ਲਾਲਚ ਬੁਰੀ ਬਲਾ ਹੈ
ਪਰ ਲਾਲਚ ਬਿਨ ਨਾ ਜੀਵਨ ਪ੍ਰਵਾਹ ਹੈ।
ਲਾਲਚ ਦੀ ਵੀ ਕੋਈ ਥਾਅ ਨਾ ਪਾਵੇ
ਇਕ ਪੂਰਾ ਹੋਵੇ ਦੂਜਾ ਸਿਰ ਉਠਾਵੇ।
ਲਾਲਚ ਜੇ ਚੰਗੇ ਇਨਸਾਨ ਬਣਨ ਦਾ ਹੋਵੇ
ਜੱਗ ਨੂੰ ਖ਼ੁਸ਼ਹਾਲ ਬਣਾਵੇ।
ਸਵੈ ਹਿੱਤ ਲਈ ਜੋ ਲਾਲਚ ਕਰਦੇ
ਦੁਨੀਆਂ  ਦੇ ਔਖੇ ਪੈਂਡੇ ਕਰਦੇ।
ਲਾਲਚ ਜੇ ਪਰ ਉਪਕਾਰ ਦਾ ਹੋਵੇ
ਦਾਤੇ ਦੀ ਮੇਹਰ ਸਦਾ ਸਿਰ ਹੋਵੇ।
ਪੰਜ ਦੂਤਾਂ ਦੀ ਭੁੱਖ ਮਿਟਾਉਂਦੇ ਨਾ ਜੀਵਨ ਗਵਾਓ
ਮਾਨਵਤਾ ਦੀ ਸੇਵ ਕਰ ਕਮਾ ਦਾਤੇ ਦੀਆਂ ਰਹਿਮਤਾਂ ਪਾਓ।

# ਮੰਦ ਬੁੱਧ/ਸਦ ਬੁੱਧ

ਦਾਤਿਆ ਤੇਰੇ ਤੋਂ ਮੰਗਦਾ ਸੀ ਸਦ ਬੁੱਧ ਦਾ ਵਰਦਾਨ
ਤੂੰ ਮੇਹਰ ਵੀ ਕੀਤੀ, ਬੰਦਾ ਫਿਰ ਵੀ ਪ੍ਰੇਸ਼ਾਨ।
ਮੰਦ ਬੁੱਧੀ ਨਾ ਬਹੁਤਾ ਸੋਚਣ
ਕੇਵਲ ਮਸਤ ਜੀਵਨ ਬਿਤਾਉਣਾ ਲੋਚਣ।
ਸਦ ਬੁੱਧ ਸਹੀ ਗ਼ਲਤ ਦੇ ਚੱਕਰ 'ਚ ਉਲਝ ਜਾਵੇ
ਮੰਦ ਬੁੱਧ ਭੰਗੜੇ ਪਾਉਣ ਉਹ ਝੁਰੀ ਜਾਵੇ।
ਦਾਤਿਆ ਤੇਰੀਆਂ ਤੂੰ ਜਾਣੇ
ਮੰਦ ਬੁੱਧ ਚੌਧਰੀ ਬਣਨ, ਸਦ ਬੁੱਧ ਬਣਨ ਨਿਮਾਣੇ।
ਦੁਬਿਧਾ 'ਚ ਪੈਣ ਤੇ ਗੌਤਮ ਦੀ ਸਿੱਖਿਆ ਯਾਦ ਆਵੇ
ਮੱਧ ਮਾਰਗ ਤੇ ਚਲਦਿਆਂ ਸਹੀ ਸੁਰ ਤਾਲ ਆਵੇ।
ਖ਼ੁਸ਼ੀਆਂ ਮੌਕੇ ਮੰਦ ਬੁੱਧ ਅੱਗੇ ਆਵਣ
ਭੀੜ ਪੈਣ ਤੇ ਮੂੰਹ ਛੁਪਾਵਣ।
ਭੋਲਿਆ ਸਦ/ਮੰਦ ਬੁੱਧ ਦੇ ਚੱਕਰ ਵਿੱਚ ਕੀ ਰੱਖਿਆ
ਦਾਤੇ ਦੀ ਸਿਰਜਣਾ ਤੇ ਕਿੰਤੂ ਕਰਨ 'ਚ ਕੀ ਰੱਖਿਆ।

# ਮੇਰਾ ਪਤਾ

ਇਹ ਸਧਾਰਣ ਬੰਦਾ ਨਹੀਂ ਕੋਈ ਬ੍ਰਹਮ ਗਿਆਨੀ
ਦੁਨੀਆਂ ਵਾਂਗ ਭਟਕਦਾ ਫਿਰੇ ਇਹ ਆਗਿਆਨੀ ।
ਮੈਂ ਕਿੱਥੋਂ ਆਇਆ ਕਿਥੇ ਜਾਣਾ ਨਾ ਕੁੱਝ ਵੀ ਜਾਣਾ
ਪੰਜ ਦੂਤਾਂ ਦੇ ਚੱਕਰ ਪੈ ਇਹ  ਜੀਵਨ ਗੁਆਣਾ ।
ਸਿਰਜਣਹਾਰ ਭੁੱਲਾ, ਭੌਤਿਕ ਜਗਤ ਹੀ ਸਥੂਲ ਲੱਗੇ
ਮਨ ਡਾਢਾ ਬੇਚੈਨ ਹੋਵੇ ਜਦੋਂ ਹੱਥੋਂ ਕੁੱਝ ਖੁੱਸਣ ਲੱਗੇ ।
ਕਬੀਰ ਜੀ ਦੇ ਸ਼ਬਦ ਭੁੱਲ ਜਾਵੇ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ।
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ।
ਜੀਵਨ ਭਟਕਣ ਹੈ ਜੇ ਪੰਜ ਦੂਤਾਂ ਦੇ ਵੱਸ ਨੱਚੇ
ਇੰਨ੍ਹਾਂ ਨੂੰ ਵੱਸ ਕਰ ਲੈਂਦੇ ਨੇ ਮਹਾਂ ਪੁਰਖ ਸੱਚੇ  ।
ਬੰਦਾ ਪੰਜ ਦੂਤਾਂ ਦੀ ਪੂਰਤੀ ਲਈ ਜੀਵਨ ਲਗਾਵੇ
ਭੋਗਦਾ ਭੋਗਦਾ ਥੱਕੇ ਫਿਰ ਵੀ ਅੰਸੁਤਸ਼ਟ ਰਹਿ ਜਾਵੇ ।
ਸਧਾਰਨ ਬੰਦੇ ਲਈ ਜੀਵਨ ਹੈ ਇਕ ਖੇਡ ਤਮਾਸ਼ਾ
ਮਹਾਂ ਪੁਰਖ ਲਈ ਅਮੁੱਲ ਹੈ ਭਟਕਣ ਤੋਂ ਬਚਣ ਦੀ ਆਸ਼ਾ ।

# ਪੰਜਾਬ/ਭਈਏ

ਪੰਜਾਬੀ ਅਣਖੀਲੇ ਯੋਧੇ ਨਾ ਈਨ ਕਿਸੇ ਦੀ ਮੰਨਦੇ
ਦਿਲ ਆਈਆਂ ਕਰਨ ਕਾਇਦੇ ਕਾਨੂੰਨ ਕਦੋਂ ਮੰਨਦੇ।
ਵਿਦੇਸ਼ੀ ਜਾਣ ਦਾ ਭੂਤ ਸਭ ਤੇ ਸਵਾਰ ਹੋਇਆ
ਮਾਇਆ ਜਾਲ ਵਿੱਚ ਫਸ ਪੰਜਾਬੀ ਪਾਗ਼ਲ ਹੋਇਆ।
ਮਿਹਨਤ ਮੁਸ਼ੱਕਤ ਕਰਨ ਤੋਂ ਕਤਰਾਉਂਦੇ
ਭਈਆਂ ਨੂੰ ਦਿਹਾੜੀ ਲਾਉਂਦੇ।
ਭੁੱਖ ਤ੍ਰੇ ਦੇ ਮਾਰੇ ਭਈਏ ਮਿਹਨਤ ਕਰਨੋਂ ਨਾ ਡਰਦੇ
ਪੇਟ ਦੀ ਅੱਗ ਬੁਝਾਉਣ ਲਈ ਸਾਡੇ ਪਾਣੀ ਭਰਦੇ।
ਪੰਜਾਬੀ ਸਸਤੇ ਕਾਮੇ ਰੱਖ ਟੌਹਰ ਵਿਖਾਵੇ
ਕੁੰਢੀਆਂ ਮੁੱਛਾਂ ਕਰ, ਦਾਰੂ ਪੀ ਭੰਗੜੇ ਪਾਵੇ।
ਮਿਹਨਤ ਕਰਨ ਦੀ ਆਦਤ ਛੁੱਟੀ
ਨਸ਼ੇ ਪੱਤੇ ਨੇ ਜਵਾਨੀ ਲੁੱਟੀ।
ਵਿਦੇਸ਼ਾਂ ਦੀ ਚਕਾਚੌਂਧ ਸਭ ਨੂੰ ਭ੍ਰਮਾਵੈ
ਪੁੱਠੇ ਸਿੱਧੇ ਜੁਗਾੜ ਕਰ ਪੰਜਾਬੀ ਬਾਹਰ ਜਾਵੇ।
ਕੜਿੱਕੀ 'ਚ ਫਸਿਆ ਵਿਦੇਸ਼ੀਆਂ ਦਾ ਚਾਕਰ ਬਣੇ
ਘਰ ਦੀ ਸਰਦਾਰੀ ਛੱਡ ਬਾਹਰ ਜਾ ਭਈਆ ਬਣੇ।
ਪੰਜਾਬੀ ਜਦੋਂ ਜ਼ਮੀਨਾਂ, ਘਰ ਛੱਡ ਭੱਜਣ ਲੱਗੇ
ਭਈਏ ਇੱਥੇ ਆ ਵੱਸਣ ਲੱਗੇ।
ਪੰਜਾਬ ਭਈਆ ਸਥਾਨ ਬਣਨਾ ਹੀ ਹੈ
ਪੰਜਾਬੀਆਂ ਨੇ ਵਿਦੇਸ਼ ਜਾਣੋ ਟਲਣਾ ਨਹੀਂ ਹੈ।

# ਅਜ਼ਾਦੀ

ਬੰਦਾ ਗੁਲਾਮੀ ਨਾ ਕਦੇ ਸਵੀਕਾਰੇ
ਬੇਚੈਨ ਹੋਵੇ ਜੇ ਰਹਿਣਾ ਪਵੇ ਵਿੱਚ ਦਾਇਰੇ।
ਮੈਂ ਮੇਰੀ ਮਰਜ਼ੀ ਚੱਲੇ ਹੁਕਮ 'ਚ ਰਹਿਣਾ ਨਾ ਝੱਲੇ
ਦਾਤੇ ਦੀ ਕਾਇਨਾਤ ਹੁਕਮ 'ਚ ਬੱਧੀ ਚੱਲੇ।
ਬੰਦਾ ਅਜ਼ਾਦੀ ਦੇ ਨਾਂ ਤੇ ਘੌਰੂ ਪਾਵੇ
ਕਾਇਦੇ ਕਾਨੂੰਨ ਸਭ ਭੁਲਾਵੇ।
ਬ੍ਰਹਿਮੰਡ ਦੇ ਤਾਰੇ ਸਤਾਰੇ ਸਭ ਨਿਯਮ 'ਚ ਬੱਧੇ ਚੱਲਣ
ਪਰਲੋ ਆਵੇ ਜੇ ਨਾ ਨਿਯਮ 'ਚ ਚੱਲਣ।
ਦਾਤੇ ਦੇ ਹੁਕਮ ਚੱਲਣਾ ਨਹੀਂ ਗੁਲਾਮੀ ਕੋਈ
ਮਨ ਮੱਤੀਆਂ ਕਰਨਾ ਨਹੀਂ ਅਜ਼ਾਦੀ ਕੋਈ।
ਸੁਲਝੀ ਬੁੱਧ ਲੈ ਮਰਯਾਦਾ ਵਿੱਚ ਚੱਲੋ ਭਾਈ
ਦੁੱਖ ਕਲੇਸ਼ ਨਾ ਨੇੜੇ ਆਵੇ ਆਨੰਦ ਮਾਣੋ ਭਾਈ।

## ਪਾ.ਗਲ

ਦੁਨੀਆਂ ਦੀ ਘੁੰਮਣਘੇਰੀ ਵਿੱਚ ਮੈਂ ਫਸ ਗਿਆ ਹਾਂ
ਮੌਕਾ ਪ੍ਰਸਤਾਂ ਦੀ ਮਹਿਫ਼ਿਲ ਵਿੱਚ ਮੈਂ ਪਾਗ਼ਲ ਬਣ ਗਿਆ ਹਾਂ।
ਅਸੂਲ ਮਰਿਆਦਾ ਸਭ ਛਿੱਕੇ ਟੰਗ ਅੱਗੇ ਲੰਘ ਜਾਵੋ
ਅੱਗੇ ਲੰਘੇ ਨੂੰ ਹੋਣ ਸਲਾਮਾਂ, ਪੱਛੜ ਗਏ ਤਾਂ ਧੱਕੇ ਖਾਵੋ।
ਸਵਾਰਥੀ ਸੋਚ ਹੋਈ ਭਾਰੂ,ਉੱਪਰ ਕਿਵੇਂ ਉੱਠਿਆ ਜਾਵੇ
ਮੈਂ ਮੇਰੇ ਤੋਂ ਇਲਾਵਾ ਕੁੱਝ ਵੀ ਨਜ਼ਰ ਨਾ ਆਵੇ।
ਆਪਾ ਧਾਪੀ ਦੀ ਦੌੜ ਵਿੱਚ ਇਨਸਾਨ ਗੁੰਮ ਹੋਏ
ਮੌਕਾ ਪ੍ਰਸਤ,ਸਵਾਰਥੀ ਚੌਧਰੀ ਬਣੇ ਸੁਹਿਰਦ ਬੰਦਾ ਪਾਗ਼ਲ ਕਹਾਏ।
ਮਨ ਦਾ ਸਕੂਨ ਜੇ ਸਦੀਵੀ ਲੋਚੋ
ਮੌਕਾ ਪ੍ਰਸਤੀ ਬਾਰੇ ਕਦੇ ਨਾ ਸੋਚੋ।
ਮੌਕਾ ਪ੍ਰਸਤ ਵਕਤੀ ਸ਼ੋਭਾ ਖੱਟਦੇ ਨੇ
ਮੁਲੰਮਾਂ ਉਤਰਣ ਤੇ ਧੱਕੇ ਖਾਂਦੇ ਨੇ।

# ਆਪਣੇ/ਪਰਾਏ

ਸਧਾਰਨ ਬੰਦਾ ਆਪਣੇ/ਪਰਾਏ ਦੀ ਪਹਿਚਾਣ ਰੱਖੇ
ਦਾਤੇ ਲਈ ਸਭ ਬਰਾਬਰ ਨੇ ਨਾ ਕੋਈ ਦਵੈਤ ਰੱਖੇ।
ਕਲੂ ਯੁੱਗ ਦਾ ਪਹਿਰ ਹੈ, ਬੰਦਾ ਆਪਣੇ/ਪਰਾਏ ਦੀ ਪਹਿਚਾਣ ਭੁੱਲੇ
ਸਬਜ਼ ਬਾਗ਼ ਵਿਖਾਉਣ ਵਾਲਿਆਂ ਤੇ ਡੁੱਲ੍ਹੇ।
ਸਿਆਣਿਆਂ ਸੱਚ ਕਿਹਾ, ਭੱਜੀਆਂ ਬਾਹਾਂ ਗਲ਼ ਨੂੰ ਆਵਣ
ਸਬਜ਼ ਬਾਗ਼ ਵਿਖਾਉਣ ਵਾਲੇ ਭੀੜ ਪੈਣ ਤੇ ਭੱਜ ਜਾਵਣ।
ਇਹ ਵੀ ਸੱਚਾਈ ਹੈ, ਹਮਸਾਏ ਮਾਂ ਦੇ ਜਾਏ
ਭੀੜ ਪੈਣ ਤੇ ਕੰਮ ਆਏ।
ਗਵਾਂਢੀ ਜੀਵਨ ਵਿੱਚ ਆਵਣ ਜਾਵਣ
ਰਿਸ਼ਤੇ ਸਦਾ ਸਥਿਰ ਰਹਿੰਦੇ ਕਦੇ ਨਾ ਬਦਲੇ ਜਾਵਣ।
ਗਵਾਂਢੀਆਂ ਨਾਲ ਵੀ ਬਣਾ ਕੇ ਰੱਖੋ
ਹਰ ਦੁੱਖ/ਸੁੱਖ ਵਿੱਚ ਸਹਾਇਤਾ ਦਾ ਹੱਥ ਵਧਾ ਕੇ ਰੱਖੋ।
ਹਮੇਸ਼ਾ ਯਾਦ ਰੱਖੋ, ਆਪਣੇ ਆਪਣੇ ਹੁੰਦੇ
ਪਰਾਏ ਪਰਾਏ ਹੁੰਦੇ।

# ਬੇਵਫ਼ਾਈ

ਜਦ ਅੱਖਾਂ ਤੇ ਬੇਵਫ਼ਾਈ ਦੀ ਪੱਟੀ ਚੜ੍ਹਜਾਏ
ਭਲੇ ਬੁਰੇ ਦੀ ਪਹਿਚਾਣ ਭੁੱਲ ਜਾਏ।
ਆਪਣੇ ਰਹਿਬਰ ਪਰਾਏ ਲੱਗਣ
ਮੌਕਾ ਪ੍ਰਸਤ ਹਮਦਰਦ ਲੱਗਣ।
ਮਤ ਜਦੋਂ ਪੁੱਠੀ ਹੋਵੇ ਭਲੇ ਦੀ ਗੱਲ ਵੀ ਬੁਰੀ ਲੱਗੇ
ਭੁੱਲਾ ਕੇ ਸਭ ਕੌਲ ਕਰਾਰ ਦਗ਼ਾਬਾਜਾਂ ਦੇ ਪਿੱਛੇ ਲੱਗੇ।
ਸਮਝਾਉਣ ਦਾ ਕੋਈ ਲਾਭ ਨਹੀਂ ਸਿੱਧੀ ਗੱਲ ਵੀ ਪੁੱਠੀ ਲੱਗੇ
ਸਵਾਰਥੀ ਸੋਚ ਉਲਟੇਕਾਰੇ ਕਰਵਾਏ ਹਮਦਰਦ ਵੀ ਦੁਸ਼ਮਣ ਲੱਗੇ।
ਬੰਦਾ ਬੇਬਸ ਹੋ ਜਾਵੇ, ਜੇ ਹਮਸਫ਼ਰ ਦੀ ਮੱਤ ਮਾਰੀ ਜਾਵੇ
ਜਦੋਂ ਸਾਰੇ ਹੀਲੇ ਮੁੱਕ ਜਾਵਣ ਦਾਤੇ ਅੱਗੇ ਅਰਦਾਸ ਹੀ ਰਹਿ ਜਾਵੇ।
ਬੇਵਫਾ ਨੂੰ ਸੁਮੱਤ ਬਖ਼ਸ਼ੇ ਸਬਜ਼ ਬਾਗ਼ ਵੇਖਣੇ ਛੱਡੇ
ਆਪਣੇ ਬਾਗ਼ ਦੀ ਸਲਾਮਤੀ ਲਈ ਸਮਾਂ ਕੱਢੇ।

# ਕਾਮ

ਕਾਮ ਜੱਗ ਦਾ ਜੀਵਨ ਚੱਕਰ ਚਲਾਵੇ
ਇਸ ਦੇ ਬੰਧਨ 'ਚੋਂ ਕੋਈ ਵਿਰਲਾ ਨਿਕਲ ਪਾਵੇ।
ਜੀਵਨ ਚੱਕਰ ਚਲਾਉਣ ਲਈ ਦਾਤੇ ਖੇਡ ਰਚਾਈ
ਬੰਦੇ ਨੇ ਵਾਸਨਾ ਪਿੱਛੇ ਭਟਕ, ਆਪਣੀ ਹੋਸ਼ ਗਵਾਈ।
ਕਾਮ ਦੀ ਪੂਰਤੀ ਲਈ ਦਾਅ ਪੇਚ ਖੇਡੇ
ਰਿਸ਼ਤੇ ਨਾਤੇ ਭੁਲਾ, ਖਾਂਦਾ ਫ਼ਿਰੇ ਠੇਡੇ।
ਜੀਵਨ ਅਨੰਦ ਲਈ, ਕਾਮ ਦਾਤੇ ਦਾ ਵਰ ਹੈ
ਧੋਖਾ ਦੇਣਾ ਸਭ ਅਸੂਲ ਦਾਅ ਤੇ ਲਾਉਣੇ ਸ਼ਰਾਪ ਹੈ।
ਬੰਦਾ ਵਰ, ਸਰਾਪ ਭੁਲਾਵੇ, ਜਦ ਕਾਮ ਨਾਚ ਨਚਾਵੇ
ਸਭ ਕੁੱਝ ਲੁੱਟ ਜਾਣ ਤੇ ਪਛਤਾਵੇ, ਕੁੱਝ ਹੱਥ ਨਾ ਆਵੇ।
ਜੀਵਨ ਦੇ ਪੰਜ ਦੂਤਾਂ ਦਾ ਹਿੱਸਾ ਕਾਮ
ਦੂਤਾਂ ਨੂੰ ਜੋ ਵੱਸ ਰੱਖੇ, ਬੁਲੰਦੀਆਂ ਛੂਹੇ, ਨਾ ਹੋਵੇ ਨਾਕਾਮ।
ਇਸ ਦੇ ਗੁਲਾਮ ਦਰ ਦਰ ਧੱਕੇ ਖਾਵਣ
ਧੋਖੇ ਦਿੰਦੇ ਧੋਖੇ ਖਾਂਦੇ, ਕੋਰਟਾਂ ਦੇ ਚੱਕਰ ਲਾਵਣ।

# ਰੁੰਡ ਮਰੁੰਡ ਦਰੱਖ਼ਤ ਦੀ ਅਰਦਾਸ

ਮੈਂ ਨੰਗ ਧੜੰਗਾ ਖੜ੍ਹਾ ਨਾ ਕਿਸੇ ਅੱਖ ਸੁਹਾਵਾਂ
ਪਹਿਨਾ ਦੇ ਨਵਾਂ ਜਾਮਾਂ ਦਾਤਿਆ ਮੈਂ ਹਰ ਅੱਖ ਭਾਵਾਂ।
ਇਹ ਸਭ ਰੁੱਤਾਂ ਦਾ ਕਾਰਾ ਹੈ ਮੈਂ ਸਭ ਜਾਣਦਾ ਹਾਂ
ਮਨੁੱਖਾਂ ਦੀ ਸੰਗਤ ਵਿੱਚ ਰਹਿ ਮੈਂ ਵੀ ਲਾਲਚੀ ਹੋ ਗਿਆ ਹਾਂ ।
ਮਨੁੱਖ ਉਸ ਨੂੰ ਹੀ ਸਲਾਮਾਂ ਕਰਦੇ ਨੇ ਜਿਸ ਤੋਂ ਕੁੱਝ ਮਿਲੇ।
ਮੇਰੇ ਕੋਲੋਂ ਕਿਸੇ ਨੂੰ ਨਾ ਛਾਂ ਨਾ ਆਲ੍ਹਣੇ ਲਈ ਥਾਂ ਮਿਲੇ।
ਮੇਰੇ ਕੋਲੋਂ ਇਹ ਕੰਗਾਲੀ ਸਹੀ ਨਾ ਜਾਵੇ
ਦਾਤਿਆ ਮਿਹਰ ਕਰ ਮੇਰੀ ਹੋਂਦ ਵੀ ਕਿਸੇ ਦੇ ਕੰਮ ਆਵੇ।
ਹਰਿਆਵਲ, ਸੋਹਣੇ ਫੁੱਲ ਜਾਂ ਮਿੱਠੇ ਫ਼ਲ ਦੇ ਦਾਤਿਆ
ਮੇਰੇ ਕੋਲ ਆਉਣ ਵਾਲੇ ਨੂੰ ਕੁੱਝ ਤਾਂ ਮਿਲ਼ੇ ਦਾਤਿਆ।
ਦਰੱਖ਼ਤ ਕੋਲੋਂ ਲੰਘੇ ਤਾਂ ਮੈਂ ਦੋਸਤ ਨੂੰ ਪੁੱਛਿਆ ਸੁਣਿਆਂ ਕੀ ਬੋਲਿਆ
ਦੁਨੀਆਂਦਾਰੀ ਵਿੱਚ ਖੁੱਭੇ ਨੇ ਕਿਹਾ ਮੈਂ ਨਹੀਂ ਗੌਲਿਆ।

# ਵਾਦੜੀਆਂ ਜਜਾਦੜੀਆਂ ਜਾਣ ਸਿਰਾਂ ਦੇ ਨਾਲ

ਲੋਕ ਕਹਾਵਤਾਂ ਵਿੱਚ ਜੀਵਨ ਅਨੁਭਵ ਦਾ ਨਿਚੋੜ ਹੁੰਦਾ
ਵੱਡਿਆਂ ਦੇ ਕਹਿਣੇ ਤੇ ਗੌਰ ਕਰੋ ਇਹ ਨਹੀਂ ਬਕਵਾਸ ਹੁੰਦਾ।
ਲੱਖ ਯਤਨ ਕਰੋ ਬਦਲ ਜਾਣ ਆਦਤਾਂ
ਵਾਰਿਸ ਸ਼ਾਹ ਇਹ ਨਾ ਜਾਂਦੀਆਂ ਨੇ ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ।
ਕੁੱਤੇ ਰਾਜ ਬਹਾਲੀਐ ਫਿਰ ਚੱਕੀ ਚੱਟੈ।
ਸਪੈ ਦੁਧੁ ਪਿਆਲੀਐ ਵਿਹੁ ਮੁਖੁ ਸਟੈ।
ਪਥਰੁ ਪਾਣੀ ਰਖੀਐ ਮਨਿ ਹੱਠ ਨ ਘਟੈ।
ਚੋਆ ਚੰਦਨ ਪਰਹਰੇ ਖਰੀ ਖੇਹ ਪਲਟੈ।

# ਸਮਾਂ ਬੀਤ ਜਾਵੇਗਾ

ਤੁਸੀਂ ਜਿਸ ਚਾਲੇ ਮਰਜ਼ੀ ਚੱਲੋ ਸਮਾਂ ਬੀਤ ਜਾਵੇਗਾ
ਕਿਉਂ ਨਾ ਮਸਤ ਚਾਲੇ ਚੱਲੀਏ ਸਮਾਂ ਬੀਤ ਜਾਵੇਗਾ।
ਕੱਲ੍ਹ ਨਾਂ ਕਾਲ ਦਾ ਅੱਜ ਨੂੰ ਸਵਰਗ ਬਣਾਈਏ
ਅੱਜ ਦੇ ਸੁਨਹਿਰੀ ਪਲਾਂ ਨੂੰ ਹੀ ਲੇਖੇ ਲਾਈਏ।
ਸਮਾਂ ਹਰ ਪਲ ਬਦਲੇ  ਕਦੇ ਨਾ ਸਥਾਈ ਰਹੇ
ਧੁੱਪ-ਛਾਂ, ਦਿਨ-ਰਾਤ, ਦੁੱਖ-ਸੁੱਖ ਕਦ ਸਥਾਈ ਰਹੇ।
ਬੰਦਿਆ ਨਾ ਮੈਂ ਮੇਰੀ ਵਿੱਚ ਫਸ ਜੀਵਨ ਗੁਆ
ਪਰ ਉਪਕਾਰੀ ਬਣ, ਪੱਲੇ ਪਾ ਲੈ ਦੁਆ।
ਆਲਸੀ ਬੰਦਾ ਜੋ ਸਮਾਂ ਬਰਬਾਦ ਕਰੇ
ਸਮਾਂ ਉਸ ਨੂੰ ਬਰਬਾਦ ਕਰੇ।
ਸੁਲਝੀ ਬੁੱਧ ਵਰਤ ਹਰ ਪਲ ਸਲੀਕੇ ਨਾਲ ਬਿਤਾਈਏ
ਬੀਤੇ ਪਲ ਫਿਰ ਨਾ ਆਉਂਦੇ ਕਿਉਂ ਵਾਧੂ ਪਛਤਾਈਏ।
ਇਹ ਜੀਵਨ ਹੈ ਇਕਵਾਰ ਕਿਉਂ ਵਿਅਰਥ ਗਵਾਈਏ
ਹਰ ਪਲ ਸੋਝੀ ਨਾਲ ਜਿਉਂ ਇਥੇ ਸਵਰਗ ਬਣਾਈਏ।

# ਜ਼ਿੰਦਗੀ ਦੇ ਪਲ

ਪਲ ਪਲ ਜੋੜ ਹੀ ਜ਼ਿੰਦਗੀ ਬਣੇ
ਹਰ ਪਲ ਨੂੰ ਢੰਗ ਨਾਲ ਜਿਉਂ ਜ਼ਿੰਦਗੀ ਬਣੇ।
ਵੈਰ, ਵਿਰੋਧ, ਈਰਖਾ, ਸਾੜੇ ਸਭ ਹਉਮੇਂ ਦੇ ਪਵਾੜੇ
ਦਾਤੇ ਦੀ ਰਜ਼ਾ ਜੇ ਰਹੀਏ ਦੁੱਖ ਨਾ ਆਵੇ ਆੜੇ।
ਜੋ ਜਿੰਦਾ ਦਿਲੀ ਨਾਲ ਜੀਵੇ ਜ਼ਿੰਦਗੀ ਖ਼ੁਸ਼ਹਾਲ ਹੋਵੇ
ਦੁੱਖ, ਚਿੰਤਾ ਨਾ ਕਦੇ ਸਤਾਵੇ ਦਾਤੇ ਤੇ ਜੇ ਟੇਕ ਹੋਵੇ।
ਜ਼ਿੰਦਗੀ ਨਾ ਕਦੇ ਰੁਕੇ ਹਰ ਪਲ ਚਲਦੀ ਰਹੇ
ਬੁਜ਼ਦਿਲ ਹਰ ਪਲ ਮਰਦਾ ਜ਼ਿੰਦਗੀ ਚਲਦੀ ਰਹੇ।
ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ।
ਦਾਤੇ ਤੇ ਟੇਕ ਰੱਖ ਜ਼ਿੰਦਗੀ ਦੇ ਪਲ ਬਿਤਾਵੋ
ਬਹੁਤੇ ਸਿਆਣੇ ਬਣ ਨਾ ਜੀਵਨ ਅਜ਼ਾਬ ਬਣਾਵੋ।

# ਭੁੱਖ

ਦਾਤੇ ਦਾ ਵਰਦਾਨ ਭੁੱਖ ਜੀਵਨ ਪ੍ਰਵਾਹ ਚਲਾਵੇ
ਭੁੱਖ ਮਰੇ ਤਾਂ ਬੰਦਾ ਮਰ ਮੁੱਕ ਜਾਵੇ।
ਭੁੱਖ ਬਣੀ ਵਿਉਪਾਰ ਅੱਜ, ਭੁੱਖੜ ਕਦਰ ਗੁਆਵੇ
ਭੁੱਖ ਨੂੰ ਜੋ ਅਣਗੋਲਿਆ ਕਰੇ ਹਕੀਕਤ ਨੂੰ ਠੁਕਰਾਵੇ।
ਭੁੱਖ ਦੀ ਜੋ  ਵਿਥਿਆ ਜਾਣੇ ਕਦੇ ਨਾ ਮਜ਼ਾਕ ਉਡਾਵੇ
ਭੁੱਖ ਦੇ ਜਾਲ ਫਸਿਆ ਬੰਦਾ ਕਾਇਦੇ ਕਾਨੂੰਨ ਭੁਲਾਵੇ।
ਭੁਖਿਆ ਭੁਖ ਨਾ ਉਤਰੀ, ਦੇ ਬੰਨਾ ਪੁਰੀਆ ਭਾਰ।
ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ।
ਬੰਦਾ ਭਟਕਦਾ ਭਟਕਦਾ ਸਫ਼ਰ ਮੁਕਾਵੇ
ਭੁੱਖ ਤੇ ਕਾਬੂ ਨਾ ਪਾਇਆ ਜਾਵੇ।
ਇਕ ਭੁੱਖ ਮਿਟੇ ਦੂਸਰੀ ਅਲਖ ਜਗਾਵੇ
ਕੋਈ ਮਹਾਂ ਪੁਰਖ ਹੀ ਭੁੱਖ ਤੇ ਕਾਬੂ ਪਾਵੇ।

# ਮਮਤਾ

ਮੇਰੀ ਪਿਆਰੀ ਜੀਵਨ ਸਾਥਣ ਸਾਡੇ ਪਿਆਰੇ ਬੱਚਿਆਂ ਦੀ ਮਾਂ
ਪਿਆਰ ਤੇ ਮਮਤਾ ਦੀ ਮੂਰਤ, ਮਮਤਾ ਮੇਰੇ ਬੱਚਿਆਂ ਦੀ ਮਾਂ।
ਪਿਆਰ ਦੁਲਾਰ ਸਤਿਕਾਰ ਨਾਲ ਖਿੜੀ ਰਹੇ
ਛੂਈ ਮੂਈ ਬਣੇ ਗੁਲਾਬ, ਕੌੜੇ ਬੋਲ ਨਾ ਸਹੇ।
ਜੀਵਨ ਦੇ ਪੈਂਡੇ ਤੇ ਅਨੇਕਾਂ ਦੁੱਖ-ਸੁੱਖ ਇਕੱਠੇ ਸਹੇ
ਰੁੱਸਣਾ/ਮਨਾਉਣਾ, ਇਕਰਾਰ/ਤਕਰਾਰ ਆਉਂਦੇ ਜਾਂਦੇ ਰਹੇ।
ਦਾਤੇ ਦਾ ਸ਼ੁਕਰਗੁਜ਼ਾਰ ਹਾਂ ਹਰ ਝੱਖੜ ਤੋਂ ਬਾਅਦ ਇਕੱਠੇ ਖੜ੍ਹੇ
ਜਦ ਮੈ ਆਪਾ ਖੋ ਜਾਵਾਂ ਤਾਂ ਮਮਤਾ ਦੀ ਮੂਰਤ ਬਣ ਮੋਨ ਖੜ੍ਹੇ।
ਜਦੋਂ ਕੋਈ ਕੁਲਹਿਣੀ ਘੜੀ ਆਵੇ, ਵੱਧ ਜਾਣ ਤਕਰਾਰਾਂ
ਯਾਦ ਆਉਣ ਸਤਰਾਂ "ਆਪਾਂ ਦੋਵੇਂ ਰੁੱਸ ਗਏ ਤਾਂ ਮਨਾਊ ਕੌਣ ਨੀ"
ਮੈਂ ਹਉਮੇਂ ਤਿਆਗ ਸਭ ਇਲਜ਼ਾਮ ਸਵੀਕਾਰਾਂ।
ਇਹ ਚੁੱਪ ਲੰਬੀ ਨਾ ਚੱਲੇ ਪਿਆਰ ਦੁਲਾਰ ਨਾਲ ਰਾਜ਼ੀ ਹੋ ਜਾਵੇ
ਮੇਰੀ ਨੀਰਸ ਜ਼ਿੰਦਗੀ ਖ਼ੁਸ਼ਹਾਲ ਹੋ ਜਾਵੇ।
ਦਾਤਿਆ ਨਜ਼ਰ ਸਵੱਲੀ ਰੱਖੀਂ
ਆਖ਼ਰੀ ਦਮ ਤਕ ਜੋੜੀ ਇਕੱਠੀ ਰੱਖੀਂ।

# ਖ਼ੂਬਸੂਰਤੀ/ਬਦਸੂਰਤੀ

ਖ਼ੂਬਸੂਰਤੀ/ਬਦਸੂਰਤੀ ਦਾਤੇ ਦੇ ਦਿੱਤੇ ਰੂਪ ਨੇ
ਖ਼ੂਬਸੂਰਤੀ ਦਿਲਕਸ਼ ਲੱਗੇ ਜਦ ਬਦਸੂਰਤੀ ਸਾਹਮਣੇ ਆਵੇ।
ਹਰ ਮਨੁੱਖ ਖ਼ੂਬਸੂਰਤੀ ਮਾਨਣਾ ਚਾਹੇ
ਬਦਸੂਰਤੀ ਨਾ ਕਿਸੇ ਮਨ ਭਾਵੇ।
ਖ਼ੂਬਸੂਰਤੀ/ਬਦਸੂਰਤੀ ਨਾਲ ਜੇ ਸੂਰਤ/ਸੀਰਤ ਵਿਚਾਰੀਏ
ਸੀਰਤ ਹੀ ਮਨ ਮੋਹੇ ਸੂਰਤ ਨਾ ਲੰਬੀ ਟਿਕ ਪਾਵੇ।
ਮਨ ਚੰਚਲ ਖ਼ੂਬਸੂਰਤੀ ਪਿੱਛੇ ਦੌੜੇ
ਖ਼ੂਬਸੂਰਤੀ/ਬਦਸੂਰਤੀ ਦਾਤੇ ਦੀ ਦੇਣ ਸੂਰਤ ਨਾਲੋਂ ਸੀਰਤ ਭਾਵੇ।
ਸੂਰਤਾਂ ਪਿੱਛੇ ਪਾਗ਼ਲ ਦੁਨੀਆਂ
ਧੋਖੇ ਦੇਵੇ ਧੋਖੇ ਖਾਵੇ ਜ਼ਿੰਦ ਅਜ਼ਾਬ ਬਣਾਵੇ।
ਸੂਰਤ ਸਦਾ ਨਾ ਸਥਾਈ ਰਹੇ ਵਕਤ ਨਾਲ ਢਲੇ
ਪਾਕ ਸੀਰਤ ਹੀ ਜੀਵਨ ਸਫ਼ਲ ਬਣਾਵੇ।

# ਨੋਕ ਝੋਕ

ਮੀਆਂ ਬੀਵੀ 'ਚ ਨੋਕ ਝੋਕ ਜੀਵਨ ਦੀ ਸਚਾਈ ਹੈ
ਕਦੇ ਕਦੇ ਹੋਵੇ ਤਾਂ ਪਿਆਰ ਵਧੇ, ਨਿੱਤ ਹੋਵੇ ਤਾਂ ਜੁਦਾਈ ਹੈ।
ਬੰਦੇ ਦੀ ਹਉਮੇਂ ਬਰਬਾਦੀ ਦਾ ਕਾਰਨ ਬਣੇ
ਹਉਮੇਂ ਤਿਆਗ ਹੀ ਜੀਵਨ ਸਫਲ ਬਣੇ।
ਕਦੀ ਕਿਸੇ ਦਾ ਬੁਰਾ ਨਾ ਸੋਚੋ
ਬੁਰਾ ਜੋ ਦੇਖਣ ਮੈਂ ਚਲਾ ..... ਬੁਰਾ ਨਾ ਮਿਲਿਆ ਕੋਈ।
ਜੈ ਮਨ ਖੋਜਿ ਆਪਣਾ....ਤੋਂ ਮੁਝ ਸੇ ਬੁਰਾ ਨਾ ਕੋਈ।
ਮੀਆਂ ਬੀਵੀ 'ਚ ਨੋਕ ਝੋਕ ਅਕਸਰ ਹੋ ਜਾਵੇ
ਦੋ ਭਾਂਡੇ ਜਿੱਥੇ ਇਕੱਠੇ ਹੋਣ ਤਾਂ ਭੇੜ ਹੋ ਹੀ ਜਾਵੇ।
ਬੰਦਾ ਨਾ ਸਮਝੇ ਇਹ ਦੁਨੀਆਂ ਰਹਿਣ ਬਸੇਰਾ
ਮੈਂ ਮੇਰੀ ਕਰ ਲੜੇ ਝਗੜੇ, ਪਾਏ ਵਾਧੂ ਖਲੇਰਾ।
ਪਿਆਰ ਮੁਹੱਬਤ ਨਾਲ ਜੇ ਧਰਤ ਤੇ ਰਹਿਣਾ ਆਵੇ
ਸਵਰਗਾਂ ਦੀ ਭਾਲ ਮੁੱਕ ਜਾਵੇ।

# ਸਮੇਂ ਦੀ ਪਾਬੰਦੀ

ਹਰ ਕੋਈ ਚਾਹੇ ਸਮੇਂ ਦੀ ਪਾਬੰਦੀ ਹੋਵੇ
ਪਰ ਸਵਾਰਥੀ ਮਨੁੱਖ ਚਾਹੇ ਮੈਨੂੰ ਛੋਟ ਹੋਵੇ।
ਬੰਦਾ ਕੁਦਰਤ ਨੂੰ ਕੋਸੇ, ਬੇਵਕਤ ਕੋਈ ਵਰਤਾਰਾ ਕਰੇ ।
ਬੰਦਾ ਮਨ ਮੁੱਖ, ਹਰ ਵੇਲੇ ਮਨ ਆਈਆਂ ਕਰੇ।
ਬੰਦਾ ਸਮੇਂ ਪਾਬੰਦੀ ਦੀ ਨਾ ਕੋਈ ਪਰਵਾਹ ਕਰੇ
ਪਾਬੰਦੀ ਦੀ ਸ਼ਲਾਘਾ ਕਰੇ ਖ਼ੁੱਦ ਨਾ ਅਮਲ ਕਰੇ।
ਸਵਾਰਥੀ ਮਨੁੱਖ ਨੂੰ ਹਰ ਪਾਬੰਦੀ/ਅਸੂਲ ਭੈੜਾ ਲੱਗੇ,
ਅਸੂਲੀ, ਸਮੇਂ ਦਾ ਪਾਬੰਦ ਬੰਦਾ ਭੈੜਾ ਲੱਗੇ।
ਬੰਦੇ ਨੂੰ ਛੱਡ, ਦਾਤੇ ਦਾ ਹਰ ਜੀਵ ਅਸੂਲ ਨਾਲ ਚੱਲੇ
ਬੰਦਾ ਆਪਹੁਦਰੀਆਂ ਕਰੇ ਅਸੂਲ ਨਾਲ ਨਾ ਚੱਲੇ।
ਅੱਜ ਹਰ ਬੰਦਾ ਕੋਸੇ ਮੌਸਮ ਬਦਲ ਰਹੇ ਨੇ
ਕਦੇ ਨਾ ਵਿਚਾਰੇ ਕਿਉਂ ਬਦਲ ਰਹੇ ਨੇ।
ਸਮੇਂ ਦੀ ਪਾਬੰਦੀ, ਅਸੂਲ ਨਾਲ ਜੇ ਲੋਕਾਈ ਚੱਲੇ
ਸਭ ਕੁੱਝ ਸਹਿਜ ਹੋਵੇ ਨਾ ਕੋਈ ਦੁਸ਼ਵਾਰੀਆਂ ਝੱਲੇ।
ਬੇਅਸੂਲੇ, ਪਿਛੱੜੀ ਬੰਦੇ, ਸਮੇਂ ਦੀ ਜੋ ਕਦਰ ਨਾ ਕਰਦੇ
ਬੁਲੰਦੀਆਂ ਤੇ ਪਹੁੰਚੇ ਮਨੁੱਖਾਂ ਨਾਲ ਈਰਖਾ ਕਰਦੇ।

# ਪਿਆਰ/ਮੁੱਹਬਤ/ਜ਼ਿੰਦਗੀ

ਜੀਵਨ ਲਈ ਕੁੱਲੀ/ਗੁੱਲੀ ਤਾਂ ਜ਼ਰੂਰੀ ਹੈ
ਪਿਆਰ/ਮੁਹੱਬਤ ਬਿਨਾਂ ਵੀ ਇਹ ਅਧੂਰਾ ਹੈ।
ਲੱਖ ਸੁੱਖ ਸਹੂਲਤਾਂ ਭਾਵੇਂ ਮਿਲ ਜਾਵਣ
ਪਿਆਰ ਤੋਂ ਸੱਖਣੇ ਵਰਤਾਰੇ ਜ਼ਖ਼ਮ ਦੇ ਜਾਵਣ।
ਬੰਦਾ ਬੜੀ ਟੇਡੀ ਖ਼ੀਰ, ਸਮਝਣਾ ਔਖਾ
ਜੀਵਨ ਦੇ ਪੈਂਡੇ ਬਿਖੜੇ, ਚਲਣਾ ਨਾ ਸੌਖਾ।
ਪਿਆਰ/ਮੁਹੱਬਤ ਸਹਾਰੇ ਨਾ ਕਟੇ ਜ਼ਿੰਦਗੀ
ਬਹੁਤ ਕੁੱਝ ਚਾਹੀਦਾ ਹੈ ਸਕੂਨ ਨਾਲ ਕਟੇ ਜ਼ਿੰਦਗੀ।
ਖੁਸ਼ ਨਸੀਬ ਨੇ ਲੋਕ ਜੋ ਸਭ ਕੁੱਝ ਸਾਵਾਂ ਪਾਵਣ
ਬਦਨਸੀਬ ਲੋਕ ਲੱਖ ਨਿਹਮਤਾਂ ਪਾ ਵੀ ਨਾ ਸ਼ੁਕਰ ਮਨਾਵਣ।
ਦਾਤੇ ਜੋ ਦਿੱਤਾ ਸ਼ੁਕਰ ਮਨਾਵੋ
ਲਾਲਚ  ਵੱਸ ਪੈ ਨਾ ਜੀਵਨ ਅਜ਼ਾਬ ਬਣਾਵੋ।

# ਦਾਤੇ ਹੱਥ ਡੋਰ

ਹਰ ਬੰਦਾ ਚਾਹੇ ਜੀਵਨ ਦੀ ਗੁੱਡੀ ਮਰਜ਼ੀ ਨਾਲ ਉਡਾਵੇ
ਪਰ ਹੋਵੇ ਉਹੀ ਜੋ ਦਾਤੇ ਨੂੰ ਭਾਵੇ।
ਗੁੱਡੀ ਚੜ੍ਹਦੀ ਤਾਂ ਹੀ ਜੇ ਬੰਦਾ ਹਵਾ ਦਾ ਰੁੱਖ਼ ਪਛਾਣੇ
ਅਨੰਦ ਭਰਪੂਰ ਹੋਵੇ ਜੀਵਨ, ਜੇ ਦਾਤੇ ਦਾ ਹੁਕਮ ਜਾਣੇ।
ਬੰਦਾ ਤੁੱਛ ਬੁੱਧ ਹਰ ਵਰਤਾਰੇ ਨੂੰ ਆਪਣੀ ਸਮਝ ਅਨੁਸਾਰ ਚਲਾਵੇ
ਦਾਤਾ ਸ੍ਰਿਸ਼ਟੀ ਦਾ ਮਾਲਕ ਸਮੁੱਚਾ ਸੰਸਾਰ ਚਲਾਵੇ।
ਉਲਟੇ ਪੁਲਟੇ ਧੰਦੇ ਕਰ ਮਨ ਮੱਤੇ ਰੋਂਦੇ ਤੇ ਕੁਰਲਾਉਂਦੇ
ਜਿੰਦ ਅਜ਼ਾਬ ਬਣੇ ਜਦ ਦਾਤੇ ਦੇ ਦਰ ਆਉਂਦੇ। ਕੰਮ
ਬੰਦਾ ਚਾਤਰ ਬਣ ਸਾਰਾ ਤਾਣਾ ਬਾਣਾ ਉਲਝਾਵੇ
ਥੱਕ ਹਾਰ ਦਾਤੇ ਹੱਥ ਡੋਰ ਫੜਾਵੇ।

# ਗੁੱਸਾ

ਹਰ ਜੀਵ ਨੂੰ ਗੁੱਸਾ ਆ ਹੀ ਜਾਂਦਾ ਹੈ
ਕਿਸੇ ਨੂੰ ਘੱਟ ਤੇ ਕਿਸੇ ਨੂੰ ਵੱਧ ਆਉਂਦਾ ਹੈ।
ਜਦੋਂ ਸਥਿਤੀ ਮਰਜ਼ੀ ਦੇ ਖ਼ਿਲਾਫ਼ ਜਾਵੇ
ਆਮ ਬੰਦੇ ਨੂੰ ਗੁੱਸਾ ਆ ਹੀ ਜਾਵੇ।
ਗੁੱਸਾ ਚੰਡਾਲ ਹੁੰਦਾ ਬੰਦੇ ਦੀ ਮੱਤ ਮਾਰੇ
ਸਮਝਦਾਰ ਬੰਦਾ ਸਵੈ ਤੇ ਕਾਬੂ ਰੱਖ ਵਕਤ ਗੁਜ਼ਾਰੇ।
ਕੁੱਤੇ ਦੀ ਪੂਛ ਤੇ ਪੈਰ ਆਵੇ ਤਾਂ ਨਾ ਸਹੇ
ਜਿਉਂਦਾ ਜਾਗਦਾ ਬੰਦਾ ਕਿਵੇਂ ਵਧੀਕੀਆਂ ਸਹੇ।
ਸਵਾਰਥੀ ਸੋਚ ਨੇ ਬਦਲੇ ਬੰਦੇ
ਆਪਣੀ ਜਾਤ ਤੱਕ ਸੀਮਤ ਹੋਏ ਬੰਦੇ।
ਦੁਨੀਆਂ'ਚ ਸਭ ਪਵਾੜੇ ਹਉਮੇਂ ਪਾਏ
ਦੂਸਰਿਆਂ ਦੀ ਹੋਂਦ ਕਿਨਾਰੇ ਲਾਏ।
ਇਹ ਦੁਨੀਆਂ ਹੈ ਚਲੋ ਚਲੀ ਦਾ ਮੇਲਾ
ਹਰ ਜੀਵ ਤੁਰਦਾ ਬਣੇ ਖ਼ਤਮ ਹੋਵੇ ਜਦੋਂ ਖੇਲਾ।
ਮੋਟੀ ਮੱਤ ਰੱਖ ਹੁਣ ਕਰਨਾ ਪਉ ਗੁਜ਼ਾਰਾ
ਗੁੱਸੇ ਤੇ ਬਰੀਕ ਬੁੱਧੀ ਤੋਂ ਕਰਨਾ ਪਉ ਕਿਨਾਰਾ।

# ਸਭਿਆ ਲੋਕ

ਆਦਮੀ ਨੇ ਬਹੁਤ ਤਰੱਕੀ ਕਰ ਲਈ ਹੈ
ਅਧੁਨਿਕ ਤੇ ਵਿਰਾਸਤੀ ਆਦਮੀ 'ਚ ਜ਼ਮੀਨ ਆਸਮਾਨ ਦਾ ਫ਼ਰਕ ਹੈ।
ਸੁੱਖ ਸਹੂਲਤਾਂ ਦੀ ਬੰਦੇ ਛਹਿਬਰ ਲਾਈ ਹੈ
ਪਰ ਸੰਤੁਸ਼ਟੀ ਦੀ ਥਾਂ ਬੇਚੈਨੀ ਵਧੀ ਹੈ।
ਅਧੁਨਿਕ ਦੌਰ 'ਚ ਨਾ ਮਨੁੱਖ ਸਭਿਆ ਹੋਇਆ
ਮਾਰਕੇ ਦੇ ਸਮਾਨ ਵਰਤਦੇ, ਇਨਸਾਨੀਅਤ ਦਾ ਮਾਰਕਾ ਅਲੋਪ ਹੋਇਆ।
ਆਲੀਸ਼ਾਨ ਕਾਰ, ਕੋਠੀ ਕਪੜੇ ਵਿੱਚ ਜਨੌਰ ਵੱਸਣ
ਬਾਹਰੀ ਦਿੱਖ ਦੇ ਦੀਵਾਨੇ, ਸਭਿਆਚਾਰ ਤੋਂ ਨੱਸਣ।
ਬੇਹੁੱਦਾਪਣ ਵਿਖਾਉਣਾ ਜ਼ਾਬਤੇ ਵਿੱਚ ਨਾ ਰਹਿਣਾ
ਅੱਜ ਦੀ ਪੀੜ੍ਹੀ ਸਮਝੇ ਇਹ ਟੌਹਰ ਨਾਲ ਰਹਿਣਾ।
ਸਮਾਜਿਕ ਥਾਵਾਂ ਤੇ ਮੈਂ ਮੇਰੇ ਦੀ ਧੌਂਸ ਜਮਾਉਣਾ
ਕਾਇਦੇ ਕਾਨੂੰਨ ਨੂੰ ਤੋੜ ਤਾਣਾ ਬਾਣਾ ਉਲਝਾਉਣਾ।
ਲੋਕਾਂ ਸਭਿਆ/ਅਸਭਿਆ ਦੀ ਪਰਿਭਾਸ਼ਾ ਬਦਲੀ
ਕਰਨਾ ਕੁੱਝ ਵਿਖਾਉਣਾ ਕੁੱਝ ਹੋਰ, ਸੋਚ ਬਦਲੀ।
ਇਨਸਾਨ ਇਨਸਾਨੀਅਤ ਦੀ ਗੱਲ ਮੁੱਕੀ
ਸਭਿਆ ਵਿਉਹਾਰ ਭੁਲਾ ਜੰਤਾ ਨੇ ਅੱਤ ਚੁੱਕੀ।

# ਸੈਂਟ/ ਕਿਰਦਾਰ

ਮਹਿੰਗੇ ਮਹਿੰਗੇ ਸੈਂਟ ਲਗਾ ਜੰਤਾ ਬਾਹਰ ਜਾਵੇ
ਖ਼ੁਸ਼ਬੂ ਦੀ ਦੀਵਾਨੀ ਜੰਤਾ ਨੂੰ ਭ੍ਰਮਾਵੈ ।
ਇਹ ਭਰਮ ਜਾਲ ਜ਼ਿਆਦਾ ਦੇਰ ਨਾ ਕੰਮ ਆਵੇ
ਜਲਦ ਹੀ ਅਸਲ ਕਿਰਦਾਰ ਸਾਹਮਣੇ ਆਵੇ ।
ਲਾਲਚੀ ਬੰਦੇ ਭ੍ਰਮ ਜਾਲ ਵਿੱਚ ਫਸ ਚੈਨ ਖੋਵਣ
ਦਰ ਦਰ ਧੱਕੇ ਖਾਂਦੇ, ਜ਼ਿੰਦਗੀ ਤੋਂ ਹੱਥ ਧੋਵਣ ।
ਵਿਖਾਵੇ ਦੀ ਦੀਵਾਨੀ, ਦੁਨੀਆਂ ਅਸਲੀਅਤ ਛੁਪਾਵੇ
ਭੁੱਲ ਜਾਣ ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥ ੨ ॥
ਸੁਹਿਰਦ ਬੰਦਾ ਨਾ ਕਦੇ ਧ੍ਰੋਹ ਕਮਾਵੇ ।
ਅੱਜ ਦੀ ਜੰਤਾ ਵਕਤ ਨੂੰ ਧੱਕੇ ਦੇਵੇ
ਧੋਖੇ ਦੇਵੇ, ਧੋਖੇ ਖਾਵੇ ਜੀਵਨ ਦਾਅ ਤੇ ਲਾਵੇ ।
ਯਾਦ ਰੱਖੋ, ਸਚਾਈ ਛੁਪ ਨਹੀਂ ਸਕਦੀ ਕਦੇ ਬਣਾਵਟ ਦੇ ਅਸੂਲਾਂ ਨਾਲ
ਕਿ ਖ਼ੁਸ਼ਬੂ ਆ ਨਹੀਂ ਸਕਦੀ ਕਦੇ ਕਾਗਜ਼ ਦੇ ਫੁੱਲ ਨਾਲ ।

# ਪ੍ਰਭੂ ਕਿਰਪਾ

ਦਾਤੇ ਦੀ ਮੇਹਰ ਹੋਵੇ ਤਾਂ ਜੀਵ ਅਨੰਦ ਮਾਣੇ.
ਮਨ ਮੁੱਖ ਮਾਇਆ'ਚ ਫਸਿਆ ਕਦ ਅਨੰਦ ਮਾਣੇ ।
ਮੈਂ ਮੇਰੇ ਦੇ ਚੱਕਰ ਵਿੱਚ ਪੈ ਬੰਦਾ ਜਿੰਦ ਅਜ਼ਾਬ ਬਣਾਵੇ
ਤੂੰ ਤੇਰੇ ਤੇ ਜੋ ਭਰੋਸਾ ਕਰੇ ਹਰ ਵਕਤ ਅਨੰਦ ਮਣਾਵੇ ।
ਦਾਤੇ ਦੇ ਦਰ ਸਭ ਲਈ ਖੁੱਲ੍ਹੇ
ਕਿਰਤ ਕਰੋ ਨਾਮ ਜਪੋ ਵੰਡ ਛਕੋ ਲੁੱਟੋ ਬੁੱਲ੍ਹੇ ।
ਦਾਤਾ ਨਾ ਰੱਖੇ ਕੋਈ ਲਕੋ ਨਾ ਕਦੇ ਜਿੰਦੇ ਲਾਵੇ
ਅਸੂਲ ਹੈ, ਜੀਵ ਖ਼ਾਲੀ ਹੱਥ ਆਵੇ ਖਾਲੀ ਹੱਥੀਂ ਜਾਵੇ ।
ਸੱਚੀ ਸੁੱਚੀ ਕਿਰਤ ਕਰ  ਜੀਵਨ ਸਫਲ ਬਣਾਵੋ
ਮੈਂ ਮੇਰੇ ਦੇ ਚੱਕਰ ਵਿੱਚ ਪੈ ਨਾ ਜੀਵਨ ਨਰਕ ਬਣਾਵੋ ।
ਦਾਤਾ ਮੇਹਰ ਕਰੇ ਹੁਕਮ 'ਚ ਰਹਿਣਾ ਆਵੇ
ਭਟਕਣ ਵਿੱਚੋਂ ਨਿਕਲ ਸਰਬੱਤ ਦਾ ਭਲਾ ਮੰਗਣਾ ਆਵੇ ।

## ਨਵਾਂ ਸਾਲ

ਨਵੇਂ ਸਾਲ ਦੀ ਆਮਦ ਤੇ ਜੰਤਾ ਨੱਚ ਖ਼ੂਬ ਸ਼ੋਰ ਮਚਾਵੇ
ਸ਼ੁਭ ਕਾਮਨਾਵਾਂ ਦੀ ਝੜੀ ਲਗਾਵੇ।
ਦੋ ਕੁ ਦਿਨ ਨਵੇਂ ਨਵੇਂ ਦੀ ਰੱਟ ਲਗਾਉਣ
ਫਿਰ ਪੁਰਾਣੀ ਚਾਲੇ ਆਵਣ।
ਨਵੇਂ ਸਾਲ 'ਚ ਵੀ ਰੱਖਣ ਪੁਰਾਣੀ ਸੋਚ
ਨਵੇਂ ਪੁਰਾਣੇ 'ਚ ਫਰਕ ਨਾ ਕੋਈ ਬਦਲੇ ਨਾ ਜੇ ਸੋਚ।
ਨਵਾਂ ਤਾਂ ਹੀ ਕੁੱਝ ਹੋਵੇ ਜੇ ਪੁਰਾਣਾ ਜਾਵੇ
ਕੁੱਝ ਵੀ ਭੈੜ ਨਾ ਛੱਡੇ ਜੰਤਾ ਨਵਾਂ ਕਿਥੋਂ ਆਵੇ।
ਨਵਾਂ ਸਾਲ ਤਾਂ ਹੀ ਹੋਵੇ ਜੇ ਪਿਛਲੇ ਤੋਂ ਕੋਈ ਸਬਕ ਆਵੇ।
ਬੀਤੇ ਸਾਲ ਦੀਆਂ ਗਲਤੀਆਂ ਫਿਰ ਨਾ ਦੁਹਰਾਵੇ।
ਮੇਰੇ ਲਈ ਤਾਂ ਹਰ ਪਲ ਹੀ ਨਵੇਂ ਸਾਲ ਜਿਹਾ ਹੁੰਦਾ
ਜੀਵਨ ਵਿੱਚ ਬਦਲਾਓ ਲਈ ਹਰ ਪਲ ਹੀ ਜ਼ਰੂਰੀ ਹੁੰਦਾ।
ਨਵਾਂ ਸਾਲ ਤਾਂ  ਸਮਾਂ ਵੰਡ ਹੈ ਵਕਤ ਦਾ ਅਹਿਸਾਸ ਕਰਾਵੇ।
ਨਵਾਂ ਤਾਂ ਹੀ ਹੋਵੇ ਜੇ ਪੁਰਾਣੀ ਸੋਚ ਬਦਲ ਜਾਵੇ।

# ਸ਼ਰੀਰ/ਆਤਮਾਂ

ਮੈਂ ਤੁੱਛ ਬੁੱਧੀ/ਸ਼ਰੀਰ ਆਤਮਾਂ ਨੂੰ ਇਕ ਹੀ ਜਾਣਦਾ ਸੀ
ਸ਼ਰੀਰ ਹੀ ਸਭ ਕੁੱਝ ਸੀ ਮੈਂਨੂੰ ਆਤਮਾ ਨਾ ਵਿਖਾਈ ਦਿੰਦੀ ਸੀ।
ਹਾਂ ਬਸ ਐਨਾ ਕੁ ਜਾਣਦਾ ਸਾਂ
ਆਤਮਾ ਨਾ ਹੋਵੇ ਤਾਂ ਮਿੱਟੀ ਬਾਕੀ ਰਹਿ ਜਾਵੇ।
ਜਵਾਨੀ ਤੱਕ ਸ਼ਰੀਰ ਹੀ ਮੈਂਨੂੰ ਦਿਲਕਸ਼ ਲੱਗਦੇ ਸਨ
ਹੌਲੀ ਹੌਲੀ ਆਤਮਾ ਦਾ ਪੱਲੜਾ ਭਾਰੀ ਹੋ ਗਿਆ।
ਹੁਣ ਵਕਤੀ ਤੌਰ ਤੇ ਜਿਸਮ ਦਾ ਜਾਦੂ ਚੱਲ ਜਾਵੇ
ਜਲਦ ਹੀ ਬੁੱਧੀ ਆਤਮ ਵਿਸ਼ਲੇਸ਼ਣ ਵਿੱਚ ਰੁੱਝ ਜਾਵੇ।
ਸ਼ਰੀਰ ਦਾ ਆਕਰਸ਼ਣ ਨਾ ਹੁਣ ਕੋਈ ਵੁੱਕਤ ਰੱਖੇ
ਆਤਮ ਗੁਣ ਹੀ  ਮਨ ਹੁਣ ਪਹਿਲ ਤੇ ਰੱਖੇ।
ਸ਼ਰੀਰ ਦਾ ਮਾਇਆ ਜਾਲ ਕੁੱਝ ਪਲ ਚਲ ਤਾਂ ਜਾਵੇ
ਆਤਮਾਂ ਅੱਗੇ ਇਹ ਜ਼ਿਆਦਾ ਦੇਰ ਟਿਕ ਨਾ ਪਾਵੇ।
ਸ਼ਰੀਰ/ਆਤਮਾ ਦਾ ਭੇਦ ਹੁਣ ਕੁੱਝ ਜਾਣਿਆ ਹਾਂ
ਸ਼ਰੀਰ ਨਾਸ਼ਵਾਨ, ਆਤਮਾ ਅਮਰ ਇਹ ਜਾਣਿਆ ਹਾਂ।
ਨਾਸ਼ਵਾਨ ਸ਼ਰੀਰ ਪਿੱਛੇ ਲੱਗ ਭਟਕਣਾ ਵਧੇ
ਆਤਮ ਗਿਆਨ ਸਦਕਾ ਹੀ
ਸੰਤੁਸ਼ਟੀ ਵਧੇ।

# ਆਪ ਮਰੇ ਜੱਗ ਪਰਲੋ

ਸਿਆਣੇ ਸੱਚ ਹੀ ਕਹਿ ਗਏ ਹਨ
ਜਿਸ ਤਨ ਲਾਗੇ ਸੋ ਤਨ ਜਾਣੇ ਕੌਣ ਜਾਣੇਂ ਪੀੜ ਪਰਾਈ ।
ਜਾਨ ਨਾਲ ਜਹਾਨ
ਆਪ ਮਰੇ ਜੱਗ ਪਰਲੋ ।
ਜਵਾਨੀ 'ਚ ਬੰਦਾ ਮੌਤ ਨੂੰ ਮਖੌਲਾਂ ਕਰੇ
ਢਲਦੀ ਉਮਰੇ ਤਲਖ਼ ਹਕੀਕਤਾਂ ਦਾ ਸਾਹਮਣਾ ਕਰੇ ।
ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੇ ਕਾਲ ॥
ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥੫੨॥
(ਅੰਗ ੧੪੨੯)
"ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥"
(ਆ/ਮ;੧,/ਅੰਗ ੪੧੭)
ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥
ਇਸ ਕੀ ਸੇਵਾ ਜੋ ਕਰੇ ਤਿਸਹੀ ਕਉ ਫਿਰਿ ਖਾਇ ॥

ਜਿਸੁ ਗ੍ਰਿਹਿ ਬਹੁਤ ਤਿਸੈ ਗ੍ਰਿਹਿ ਚਿੰਤਾ ॥
ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ ॥

# ਪਟਾਖੇ

ਬੰਦਾ ਜਦੋ ਖ਼ੁਸ਼ੀ ਵਿੱਚ ਪਾਗ਼ਲ ਹੋ ਜਾਵੇ ਤਾਂ ਰੌਲਾ ਪਾਵੇ
ਅਯੁੱਧਿਆ ਵਿਖੇ ਰਾਮ ਮੰਦਰ ਦਾ ਉਦਘਾਟਨ ਹੋਇਆ
ਰਾਮ ਭਗਤਾਂ ਨੇ ਰੱਜ਼ ਕੇ ਰੌਲਾ ਪਾਇਆ।
ਪਟਾਖੇ ਚਲਾ ਖ਼ੂਬ ਪ੍ਰਦੂਸ਼ਣ ਫੈਲਾਇਆ
ਬੁੱਧੀ ਜੀਵੀਆਂ ਦੇ ਤਰਕ ਨੂੰ ਲਾਂਬੂ ਲਾਇਆ।
ਲੋਕ ਤੰਤਰ ਦੇ ਨਾ ਤੇ ਭੇਡ ਤੰਤਰ ਭਾਰੀ ਹੋਇਆ
ਤੁੱਛ ਬੁੱਧ ਹੁਕਮ ਚਲਾਵੇ ਬੁੱਧੀ ਜੀਵ ਬੇਵੱਸ ਹੋਇਆ।
ਰਾਜ ਸਿੰਘਾਸਨ ਚਾਹੇ ਜੰਤਾ ਰੱਝ ਕੇ ਰੌਲਾ ਪਾਵੇ
ਤਾਂ ਕਿ ਹੱਕ ਸੱਚ ਦੀ ਆਵਾਜ਼ ਦੱਬ ਜਾਵੇ।
ਰਾਮ ਰਾਜ ਹੱਕ ਸੱਚ ਦੀ ਆਵਾਜ਼ ਫੈਲਾਵੇ
ਕੱਟੜ ਪੰਥੀ ਧਰਮ ਨੂੰ ਖ਼ਤਰੇ ਦਾ ਬਿੱਗੁਲ ਬਜਾਵੇ।

## ਪਰਿਵਾਰ

ਰੋਟੀ, ਕਪੜਾ ਤੇ ਮਕਾਨ ਤਾਂ ਜਿਉਣ ਲਈ ਜ਼ਰੂਰੀ ਨੇ
ਜ਼ਿੰਦਗੀ ਚੜ੍ਹਦੀ ਕਲਾ ਵਿੱਚ ਬਿਤਾਉਣ ਲਈ ਪਰਿਵਾਰ ਵੀ ਜ਼ਰੂਰੀ ਹੈ।
ਪਰਿਵਾਰ ਦੀ ਕਿਸ਼ਤੀ ਨੂੰ ਸੁਰੱਖਿਅਤ ਪਾਰ ਲਗਾਉਣਾ
ਬੱਚੇ ਪਾਲਣਾ, ਪੜ੍ਹਾਉਣਾ ਸ਼ਾਦੀਆਂ ਕਰ ਗ੍ਰਹਿਸਥ ਵਸਾਉਣਾ।
ਗ੍ਰਹਿਸਥ ਦੀ ਗੱਡੀ ਪੂਰੀ ਲਗਨ ਨਾਲ ਚਲਾਉਣਾ
ਇੰਝ ਜਿਵੇਂ ਜਪ-ਤਪ ਵਿੱਚ ਜੀਵਨ ਲਗਾਉਣਾ।
ਉਲਟੇ ਧੰਦੇ ਕਰ ਜੋ ਗ੍ਰਹਿਸਥ ਚਲਾਉਣ
ਆਪ ਤਾਂ ਡੁਬਦੇ ਗ੍ਰਹਿਸਥ ਨਾ ਕਿਨਾਰੇ ਲਗਾਉਣ।
ਸੱਚੀ ਸੁੱਚੀ ਕਾਰ ਜੋ ਕਮਾਵਣ
ਦਾਤੇ ਦੀ ਮੇਹਰ ਸਦਕਾ ਸੁੱਖੀ ਪਰਿਵਾਰ ਪਾਵਣ।
ਮਾਤ ਪਿਤਾ ਦੀ ਆਗਿਆ ਵਿੱਚ ਜੋ ਰਹਿੰਦੇ ਬੱਚੇ
ਜ਼ਿੰਦਗੀ 'ਚ ਬੁਲੰਦੀਆਂ ਨੂੰ ਛੂਹਣ ਉਹ ਬੱਚੇ।
ਜਿੱਸ ਘਰ'ਚ ਬਜ਼ੁਰਗ ਬੋਲਣ ਤੋਂ ਘਬਰਾਵੇ
ਉਹ ਪਰਿਵਾਰ ਪਤਨ ਵੱਲ ਜਾਵੇ।

# ਜੀਵਨ ਸਾਥੀ

ਨਿੱਤ ਨਵੇਂ ਦੋਸਤ ਭਾਵੇਂ ਬਣਾਵੇ. ਬੰਦਾ
ਪਰ ਜੀਵਨ ਸਾਥੀ ਕਦੇ ਨਾ ਬਦਲੇ ਅਸਲ ਬੰਦਾ।
ਜੀਵਨ ਪ੍ਰਵਾਹ ਲਈ ਸਾਥੀ ਜ਼ਰੂਰੀ ਨੇ
ਸਮੇਂ ਦੇ ਚੱਕਰ ਨਾਲ ਸਾਥੀ ਬਦਲਦੇ ਰਹਿੰਦੇ ਨੇ।
ਜੀਵਨ ਸਾਥੀ ਹਮੇਸ਼ਾਂ ਇਕ ਦੂਜੇ ਤੋਂ ਜਿੰਦ ਵਾਰਣ
ਜੀਵਨ ਪੈਂਡਾ ਇੰਝ ਬਿਤਾਵਣ।
ਲੜਨਾ ਝਗੜਨਾ ਜ਼ਿੰਦਗੀ ਦਾ ਹਿੱਸਾ
ਕੁੱਝ ਪੱਲ ਦਾ ਹੀ ਹੁੰਦਾ ਇਹ ਕਿੱਸਾ।
ਸਮਾਂ ਬਹੁਤ ਬਲਵਾਨ ਹੈ ਹਰ ਇਕ ਸ਼ੈਅ ਤੇ ਅਸਰ ਵਿਖਾਵੇ
ਹੁਸਨ, ਜਵਾਨੀ, ਮਾਪੇ ਦੋਸਤ ਸਦਾ ਨਾ ਰਹਿੰਦੇ,
ਨਿੱਤ ਨਵੇਂ ਰੰਗ ਵਿਖਾਵੇ।
ਸੱਚਾ ਜੀਵਨ ਸਾਥੀ ਹੀ ਹਰ ਰੁੱਤੇ ਸਾਥ ਨਿਭਾਵੇ
ਜੀਵਨ ਦੀਆਂ ਤਲਖ਼ ਹਕੀਕਤਾਂ ਵੇਲੇ ਕਦੇ ਨਾ ਪਿੱਠ ਵਿਖਾਵੇ।

## ਛਲ/ਕਪਟ

ਚਾਤਰ ਬੰਦੇ ਛਲ ਕਪਟ ਦੇ ਆਦੀ
ਹਰ ਵਰਤਾਰੇ ਨੂੰ ਗੁੰਝਲਦਾਰ ਬਣਾਉਣ ਦੇ ਆਦੀ।
ਸਰਲ ਵਿਹਾਰ ਆਸਾਨੀ ਨਾਲ ਸਮਝ ਆਵੇ
ਕਪਟੀ ਬੰਦੇ ਦਾ ਕੋਈ ਭੇਦ ਨਾ ਪਾਵੇ।
ਕਪਟੀ ਬੰਦਾ ਕੋਝੀਆਂ ਚਾਲਾਂ ਚਲ ਵਕਤੀ ਲਾਭ ਉਠਾਵੇ
ਸਿੱਧੇ ਸਾਦੇ ਬੰਦਿਆਂ ਨੂੰ ਖੂੰਜੇ ਲਾਵੇ
ਜਿਸੁ ਕਿ ਸਿਰ ਊਪਰਿ ਤੂੰ ਸਵਾਮੀ ਸੋ ਦੁਖੁ ਕੈਸਾ ਪਾਵੈ॥
ਕੂੜ ਨਿਖੁਟੈ ਨਾਨਕਾ ਓੜਕਿ ਸਚਿ ਰਹੀ॥
ਚਾਤਰ ਬੰਦਾ ਚਤੁਰਾਈਆਂ ਕਰ ਖੁਸ਼ੀ ਮਨਾਵੇ
ਬੇਅਕਲ ਨਾ ਜਾਣੇ ਰਾਹਾਂ 'ਚ ਕੰਡੇ ਬੀਜੀ ਜਾਵੇ।
ਛਲ ਕਪਟ ਹੌਲੇ ਬੰਦਿਆਂ ਦੇ ਹਥਿਆਰ
ਗੁਰ ਮੁੱਖ ਨਾ ਕਦੇ ਵਰਤਦੇ ਹੋਛੇ ਹਥਿਆਰ।

# ਹਮ ਨਹੀਂ ਚੰਗੇ ਬੁਰਾ ਨਹੀਂ ਕੋਈ

ਮਹਾਂ ਪੁਰਖਾਂ ਨੇ ਜੀਵਨ ਦੇ ਤੱਤ ਕੱਢੇ ਨੇ
ਹਮ ਨਹੀਂ ਚੰਗੇ ਬੁਰਾ ਨਹੀਂ ਕੋਈ।
ਬੰਦਾ ਸਵਾਰਥ ਦਾ ਪੁਤਲਾ
ਹਰ ਪਲ ਮੈਂ ਮੈਂ ਦੀ ਰੱਟ ਲਗਾਵੇ।
ਆਪਣੀ ਅਕਲ ਨੂੰ ਸਭ ਤੋਂ ਵੱਡਾ ਸਮਝੇ
ਦੂਸਰਿਆਂ ਨੂੰ ਦੁੱਕੀ ਤਿੱਕੀ ਸਮਝੇ।
ਜੀਵਨ ਦੀ ਸਚਾਈ ਹੈ ਇਕੱਲਾ ਕਦੀ ਨਾ ਵੱਡਾ ਹੋਵੇ
ਮੈਂ ਮੇਰੇ ਦੀ ਰੱਟ ਲਗਾਉਣ ਵਾਲਾ ਆਖ਼ਿਰ ਇਕੱਲਾ ਰੋਵੇ।
ਜੀਵਨ ਪ੍ਰਵਾਹ 'ਚ ਸਭ ਕੁੱਝ ਲੋੜੀਂਦਾ
ਕਦੇ ਕਿਸੇ ਨੂੰ ਮਾੜਾ ਨਹੀਂ ਸਦਈਂਦਾ।
ਬੰਦੇ ਵੱਡਾ ਤਦ ਹੀ ਹੋਵਣ
ਜੇ ਛੋਟੇ  ਸਾਥ ਖਲੋਵਣ।
ਜੀਵਨ ਜੇ ਸੋਹਣਾ ਤਰਾਸ਼ਣਾ ਲੋਚੋ
ਆਪਣੇ ਆਪ ਨੂੰ ਤਰਾਸ਼ਣ ਦੀ ਸੋਚੋ।
ਹਮ ਨਹੀਂ ਚੰਗੇ ਬੁਰਾ ਨਹੀਂ ਕੋਈ
ਦੁਨੀਆਂ ਸੁਧਰ ਜਾਵੇਗੀ ਜੇ ਆਪਾ ਸੁਧਾਰੇ ਹਰ ਕੋਈ।

# ਵੇਲੇ ਦੀ ਨਮਾਜ਼ ਤੇ ਕੁਵੇਲੇ ਦੀਆਂ ਟੱਕਰਾਂ

ਬੰਦਾ ਮਨ ਮੁੱਖ ਹਰ ਸ਼ੈਅ ਨੂੰ ਆਪਣੀਆਂ ਉਂਗਲਾਂ ਤੇ ਨਚਾਉਣਾ ਲੋਚੇ
ਕਿਸੇ ਦੀ ਕਦੋਂ ਕੀ ਜ਼ਰੂਰਤ ਹੈ ਕਦੇ ਨਾ ਸੋਚੇ।
ਤੁਹਾਨੂੰ ਭੁੱਖ ਲੱਗੀ ਹੈ ਕੁੱਝ ਖਾਣ ਨੂੰ ਮੰਗੋ
ਬੀਬੀਆਂ ਕਹਿਣ ਜ਼ਰਾ ਠੰਡ ਰੱਖੋ ਐਵੇਂ ਨਾ ਅੜਿੰਗੋ।
ਗੁਮਾਨ ਨਾਲ ਬੈਠੇ ਹੋ ਤਾਂ ਬੈਠੇ ਹੀ ਰਹਿ ਜਾਓਗੇ
ਬੀਬੀਆਂ ਭੁਲਣਹਾਰ, ਤੁਸੀਂ ਝੂਰਦੇ ਰਹਿ ਜਾਓਗੇ।
ਭਲਾ ਇਸ 'ਚ ਹੈ ਆਪਣੇ ਹੱਥ ਪੈਰ ਚਲਾਵੋ
ਨਿੱਕੇ ਨਿੱਕੇ ਕੰਮਾਂ ਲਈ ਨਾ ਗੁਲਾਮ ਹੋ ਜਾਵੋ।
ਵੇਲੇ ਦੀ ਨਮਾਜ਼ ਜੇ ਵੇਲੇ ਸਿਰ ਪੜ੍ਹਨੀ
ਖ਼ੁਦ ਸਮਾਂ ਕੱਢੋਗੇ ਤਾਂ ਹੀ ਗੁੱਡੀ ਚੜ੍ਹਨੀ।

# ਮਿੱਟੀ ਦੇ ਮੁਰੀਦ

ਬੰਦਾ ਮਿੱਟੀਆਂ ਦਾ ਮੁਰੀਦ ਸਦਾ ਇੰਨ੍ਹਾਂ ਪਿੱਛੇ ਦੌੜਦਾ ਫਿਰੇ ਨਾਦਾਨ
ਹੁਸਨ, ਜਵਾਨੀ ਤੇ ਮਾਪੇ ਸਦਾ ਨਾ ਰਹਿਣ ਸਮਝੇ ਨਾ ਨਾਦਾਨ।
ਮਿੱਟੀਆਂ ਦੀ ਖਿੱਚ ਮਿੱਟੀਆਂ ਨੂੰ ਮਿੱਟੀ ਨਾਲ ਖੇਡਾਵੇ
ਬੰਦੇ ਨੂੰ ਮਾਇਆ ਜਾਲ 'ਚ ਫਸਾ ਚੱਕਰ ਵਿੱਚ ਪਾਵੇ।
ਕੁਦਰਤ ਦੇ ਨਿਯਮਾਂ ਦਾ ਬੱਧਾ ਬੰਦਾ ਇਸ ਜਾਲ ਤੋਂ ਨਾ ਬਚ ਪਾਵੇ
ਪੀੜ੍ਹੀ ਦਰ ਪੀੜ੍ਹੀ ਇਕੋ ਖੇਡ ਖੇਡਦਾ ਆਵੇ।
ਕੋਈ ਮਹਾਂ ਪੁਰਖ ਹੀ ਇਸ ਚੱਕਰ 'ਚੋਂ ਨਿਕਲ ਪਾਵੇ
ਆਪਣਾ ਜੀਵਨ ਰੌਸ਼ਨ ਕਰ ਅੰਧਕਾਰ ਮਿਟਾਵੇ।
ਧੋਖੇ ਦੇਣਾ ਧੋਖੇ ਖਾਣਾ ਮਿੱਟੀਆਂ ਦਾ ਵਿਹਾਰ
ਮਿੱਟੀਆਂ ਦੇ ਦੀਵਾਨੇ ਅਕਸਰ ਹੁੰਦੇ ਨੇ ਖ਼ੁਆਰ।
ਜੀਵਨ ਸਕੂਨ ਨਾਲ ਬਿਤਾਉਣਾ ਉਹ ਬੰਦੇ
ਮਿੱਟੀਆਂ ਦੇ ਸ਼ੁਦਾਈ ਨਾ ਜੋ ਹੋਵਣ ਬੰਦੇ।

# ਇਹ ਜਨਮ/ਉਹ ਜਨਮ

ਕੁਲ  ਜਹਾਨ ਜਨਮਾਂ ਦੇ ਗੇੜ ਵਿੱਚ ਪਿਆ
ਕਿਸੇ ਦਾ ਇਹ ਜੀਵਨ ਠੀਕ ਹੈ, ਅਗਲੇ ਦੀ ਚਿੰਤਾ 'ਚ ਪਿਆ ।
ਲਾਲਚੀ ਬੰਦਾ ਸਭ ਆਪਣੇ ਲਈ ਚੰਗਾ ਲੋਚੇ
ਖੁਦਗਰਜ਼ ਕਦੇ ਦੁਨੀਆਂ ਦੀ ਨਾ ਸੋਚੇ ।
ਸੰਪੰਨ ਬੰਦੇ ਆਪਣੀ ਜਾਤ ਤੱਕ ਸੀਮਤ ਹੋਵਣ
ਖੁੱਦ ਦੀ ਚਿੰਤਾ ਕਰਨ ਦੂਸਰੇ ਲਈ ਕਦੇ ਨ ਰੋਵਣ।
ਦਾਤੇ ਦੀ ਮੇਹਰ ਸਦਕਾ ਜੀਵਨ ਜੇ ਸੁਖਾਵਾਂ ਹੋਵੇ
ਪਰ ਉਪਕਾਰ ਛੱਡ ਆਪਣੇ ਕੁਨਬੇ  ਲਈ ਰੋਵੇ।
ਦਾਤੇ  ਤੇ ਟੇਕ ਰੱਖਣ ਵਾਲੇ, ਕਦੇ ਨਾ ਚਿੰਤਿਤ ਹੁੰਦੇ
ਇਸ ਜਨਮ/ਉਸ ਜਨਮ ਦੇ ਚੱਕਰ ਤੋਂ ਮੁਕਤ ਹੁੰਦੇ।
ਕਿਰਤ ਕਰੋ, ਨਾਮ ਜਪੋ, ਵੰਡ ਛਕੋ  ਦਾਤਾ ਸਭ ਭਲੀ ਕਰੇਗਾ
ਸਵਾਰਥੀ, ਦਾਤੇ ਦਾ ਹੁਕਮ ਨਿਕਾਰ ਚਿੰਤਾ ਕਰੇਗਾ।

# ਘੁਮੰਡ

ਘੁਮੰਡੀ ਦਾ ਸਿਰ ਨੀਵਾਂ ਜੀਵਨ ਦੀ ਸਚਾਈ ਹੈ
ਦਾਤਾ ਕਦੇ ਨਾ ਘੁਮੰਡ ਕਰੇ ਜਿਸ ਜੀਵਨ ਲੀਲ੍ਹਾ ਰਚਾਈ ਹੈ।
ਬੰਦਾ ਤੁੱਛ  ਕਮ ਕਰਕੇ ਕਰਦਾ ਹੈ ਮੁਨਾਦੀ
ਮੈਂ ਮੇਰੇ ਦੇ ਚੱਕਰ ਵਿੱਚ ਪੈ ਹੁੰਦੀ ਹੈ ਬਰਬਾਦੀ।
ਸੂਰਜ ਦੇਵਤਾ ਕੁੱਲ ਦੁਨੀਆਂ ਦਾ ਪਾਲਕ
ਕਦੇ ਨਾ ਦਵੈਤ ਕਮਾਏ ਮਾਲਕ।
ਦਸਵੰਧ ਕੱਢਣਾ ਹੈ ਗੁਰੂਆਂ ਦਾ ਸੰਦੇਸ਼
ਇਸ 'ਚ ਪਿਆ ਹੈ ਜੀਵਨ ਦਾ ਉਦੇਸ਼।
ਘੁਮੰਡੀ ਜੰਤਾ ਦਾਨ ਪੁਨ ਕਰ ਆਪਣੀ ਹਉਮੇਂ ਨੂੰ ਪੱਠੇ ਪਾਵੇ
ਹਰ ਪਾਸੇ ਉਸਦਾ ਗੁਣਗਾਨ ਹੋਵੇ ਤਾਂ ਹੀ ਸਕੂਨ ਪਾਵੇ।
ਦਾਤਾ ਸਭ ਦਾ ਪਾਲਣ ਹਾਰਾ  ਕਦੇ ਨਾ ਘੁਮੰਡ ਕਰੇ
ਬੰਦਾ  ਥੋੜ ਦਿਲਾ, ਥੋੜਾ ਕਰ ਵਿਖਾਵਾ ਅੱਤ ਕਰੇ।
ਮਹਾਂ ਪੁਰਖ ਦਾਤੇ ਦੇ ਹੁਕਮ 'ਚ ਬੱਝੇ ਕਾਰ ਕਰਨ
ਘੁਮੰਡ ਨਾ ਆਵੇ ਨੇੜੇ, ਹਮੇਸ਼ ਨਿਸ਼ਕਾਮ ਸੇਵ ਕਰਨ।

## ਲਾਲਚ/ਗਮ

ਲਾਲਚੀ ਬੰਦਾ ਗਮਗੀਨ ਰਹੇ
ਕਿਉਂਕਿ ਹਰ ਵੇਲੇ ਕੁੱਝ ਖ਼ੁਸ਼ ਜਾਣ ਦਾ ਭੈ ਰਹੇ।
ਨਾਸਮਝ ਬੰਦਾ ਕਦੇ ਨਾ ਸਵੀਕਾਰੇ
ਖਾਲੀ ਹੱਥੀਂ ਆਇਆ ਸੀ ਖਾਲੀ ਹੱਥੀਂ ਜਾਣਾ
ਦਾਤੇ ਦੇ ਦਰਬਾਰੇ।
ਲਾਲਚੀ ਮੈਂ ਮੇਰੇ ਵਿੱਚ ਉਲਝ ਕੇ ਜਿੰਦ ਅਜ਼ਾਬ ਬਣਾਵੇ
ਰੋਂਦਾ ਹੋਇਆ ਆਇਆ ਸੀ ਜੱਗ ਤੇ ਰੋਂਦਾ ਹੀ ਤੁਰ ਜਾਵੇ।
ਰੱਬ ਦੇ ਬੰਦੇ ਹਰ ਵੇਲੇ ਸੋਚਣ
"ਕਬੀਰ ਮੇਰਾ ਮੁਝ ਮਹਿ ਕਿਛੁ ਨਹੀ
ਜੋ ਕਿਛੁ ਹੈ ਸੋ ਤੇਰਾ
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ"॥ ੨੦੩ ॥
ਲਾਲਚ/ਗ਼ਮ ਤੋਂ ਜੇ ਜਿੰਦ ਛੁਡਾਉਣੀ ਲੋਚੋ
ਮਹਾਂ ਪੁਰਖਾਂ ਦੇ ਰਾਹ ਚੱਲਣ ਦੀ ਸੋਚੋ।

# ਮਿੱਠਾ

ਬਹੁ ਗਿਣਤੀ ਮਿੱਠੇ ਦੀ ਮੁਰੀਦ ਹੈ
ਦੁਰਭਾਗ ਹੈ ਇਸ ਲਈ ਸ਼ੂਗਰ ਮਰੀਜ਼ ਹੈ।
ਜਵਾਨੀ ਵੇਲੇ ਰੱਜ਼ ਰੱਜ਼ ਮਿਠਾ ਖਾਵਣ ਸਭ ਸੀਮਾਵਾਂ ਲੰਘ ਜਾਵਣ
ਸਮਾਂ ਬੀਤੇ ਤਾਂ ਆਪਣੇ ਕੀਤੇ ਤੇ ਪਛਤਾਵਣ।
ਸਮਾਂ ਰਹਿੰਦੇ ਜੇ ਕਾਮਨਾਵਾਂ ਤੇ ਕਾਬੂ ਕੀਤਾ ਹੁੰਦਾ
ਆਖਿਰ ਵਿੱਚ ਚ ਨ ਪਛਤਾਵਾ ਹੁੰਦਾ।
ਜੇ ਕੋਈ ਕੌੜੇ ਬੋਲ ਬੋਲੇ ਤਾਂ ਉਸ ਨੂੰ ਛੱਡ ਜਾਈਏ
ਆਪਣੇ ਆਲੇ ਦੁਆਲੇ ਚਾਪਲੂਸਾਂ ਦੀ ਮਹਿਫ਼ਿਲ ਸਜਾਈਏ।
ਸੱਚ ਨੂੰ ਪਹਚਾਣੋ, ਕਿਸੇ ਦੇ ਮਿਠੇ ਸ਼ਬਦ ਜਾਲ 'ਚ ਫਸ ਨਾ ਜੀਵਨ ਵਿਅਰਥ ਗਵਾਓ
ਸੱਚ ਹਮੇਸ਼ਾ ਕੌੜਾ ਹੁੰਦਾ ਪਰ ਮਨ ਰੱਖੋ ਵਿੱਚ ਟਿਕਾਓ।
ਮਿੱਠਾ ਖਾਓ, ਮਿੱਠਾ ਬੋਲੋ
ਪਰ ਮਿੱਠੇ ਪਿਆਰੇ ਹੋ ਜ਼ਹਿਰ ਨਾ ਘੋਲੋ।
ਜੀਵਨ ਸਾਡਾ ਖ਼ੁਸ਼ਹਾਲ ਹੋ ਜਾਵੇ
ਜੇ ਕੌੜੇ ਮਿੱਠੇ ਨੂੰ ਪਹਿਚਾਨਣ ਦੀ ਸੁਮੱਤ ਆਵੇ।

# ਬੇਨਤੀ

ਪ੍ਰਭੂ ਮੈਂ ਤੇਰੀ ਕਿਰਪਾ ਸੰਗ ਸਾਜਿਆ ਹਾਂ ਤੇਰਾ ਬੰਦਾ
ਮਾਇਆ ਮਮਤਾ ਵਿੱਚ ਫਸਗਿਆ ਇਹ ਤੁੱਛ ਬੁੱਧ ਬੰਦਾ।
ਬਕਰੀ ਵਾਂਗ ਮੈਂ ਮੈਂ ਦੀ ਰੱਟ ਲਗਾਵਾਂ
ਸਚਾਈਆਂ ਤੋਂ ਮੂੰਹ ਛੁਪਾਵਾਂ।
ਉਲਟੇ ਸਿੱਧੇ ਕਰਮ ਕਮਾ ਤੇਰੀਆਂ ਰਹਿਮਤਾਂ ਪਾਉਣੀਆਂ ਚਾਹਾਂ
ਗੀਤਾ ਗਿਆਨ ਦੇਵੇ ਹਰ ਕਰਮ ਦਾ ਫ਼ਲ਼ ਭੋਗਣਾ ਪੈਂਦਾ ਚਾਹਾਂ ਨ ਚਾਹਾਂ।
ਦਾਤਾ ਸੁਮੱਤ ਬਖਸ਼ੀ, ਕਰਾਂ ਹਮੇਸ਼ਾਂ ਸ਼ੁਭ ਅਰਦਾਸਾਂ
ਸਰਬੱਤ ਦਾ ਭਲਾ ਹੋਵੇ ਕਦੇ ਨਾ ਪੂਰਨ ਹੋਣ ਮਾੜੀਆਂ ਖਾਹਸ਼ਾਂ।
ਮੈਂ ਬੁਜ਼ਦਿਲ ਦੁੱਖਾਂ ਤੋਂ ਘਬਰਾਵਾਂ
ਤੇਰੀ ਮਾਰ ਤੋਂ ਡਰਦਾ ਸੱਚ ਦਾ ਰਾਹ ਅਪਣਾਵਾਂ।
ਚੰਚਲ ਮਨ ਬੇਕਾਬੂ ਹੋਵੇ ਤਾਂ ਸਮਝਾਵਾਂ
ਸਭੇ ਸਾਝੀਵਾਲ ਸਦਾਇਨ ਤੂੰ  ਕਿਸੇ ਨਾ ਦਿਸਹਿ ਬਾਹਰਾ ਜੀਉ ॥੩॥
ਏਕ ਪਿਤਾ ਏਕਸ ਕੇ ਹਮ ਬਾਰਿਕ ॥ਕਿਸ ਸੰਗ ਧ੍ਰੋਅ ਕਮਾਵਾਂ।
ਮੇਹਰ ਭਰਿਆ ਹੱਥ ਸਦਾ ਸਿਰ ਤੇ ਰੱਖੀਂ ਦਾਤਾ ਦੁਸ਼ਕਰਮ ਤੋਂ ਬਚਜਾਵਾਂ।

# ਰੁੱਸਣਾ/ਮਨਾਉਣਾ

ਦੁੱਖ-ਸੁੱਖ, ਸੱਚ-ਝੂਠ, ਪਿਆਰ-ਨਫ਼ਰਤ, ਚਾਨਣ-ਹਨੇਰਾ, ਦਿਨ -
ਰਾਤ ਜ਼ਿੰਦਗੀ ਦਾ ਅਟੁੱਟ ਹਿੱਸਾ ਨੇ
ਇੰਨਾ ਬਿਨ ਜੀਵਨ ਅਧੂਰਾ, ਇਕ ਦੂਜੇ ਦੇ ਪੂਰਕ ਨੇ।
ਜ਼ਿੰਦਗੀ ਦੀ ਹਕੀਕਤ ਜਾਨਣ ਲਈ ਦੋਵੇਂ ਹੀ ਜ਼ਰੂਰੀ ਨੇ
ਖ਼ੁਸ਼ੀਆਂ-ਗਮ ਹਮੇਸ਼ਾ ਚੱਕਰ ਲਗਾਉਣ
ਜ਼ਿੰਦਗੀ ਦੇ ਕਈ ਰਾਜ਼ ਸਮਝਾਉਣ।
ਜੀਵਨ ਦੀ ਰੰਗੀਨੀ ਰੁਸਣ/ਮਨਾਉਣ ਵਿੱਚ
ਜੀਵਨ ਦੇ ਗੁੱਸੇ -ਗਿਲੇ ਸੁਲਝਾਉਣ ਵਿੱਚ।
ਜੀਵਨ ਕਦੇ ਨਾ ਸਾਵਾਂ ਹੋਵੇ
ਜੀਵਠ ਵਿੱਚ ਜੇ ਰੁੱਸਣਾ/ਮਨਾਉਣਾ ਨਾ ਹੋਵੇ।
ਰੁੱਸੇ ਸੱਜਣਾਂ ਤਾਂਈ ਜੇ ਮਨਾਈਏ
ਖ਼ੁਸ਼ੀਆਂ ਖੇੜੇ  ਫੇਰ ਹੀ ਪਾਈਏ।

# ਸਵੀਕਾਰ

ਹਰ ਚੀਜ਼ ਨੂੰ ਅਣਭੋਲ ਸਵੀਕਾਰ ਕਰਨਾ ਨਾਦਾਨੀ ਹੈ
ਇਸ ਭੋਲੇ ਵਰਤਾਰੇ ਨਾਲ ਵਧਦੀ ਪ੍ਰੇਸ਼ਾਨੀ ਹੈ।
ਵਕਤੀ ਤੌਰ ਤੇ ਤੁਸੀਂ ਰਹਿਬਰ ਬਣਜਾਵੋਗੇ
ਪਰ ਸਮਾਂ ਪੈਣ ਤੇ ਪਛਤਾਵੋਗੇ।
ਕਾਹਲੀ ਅੱਗੇ ਟੋਏ ਕੰਮ ਕਦੇ ਨਾ ਹੋਏ
ਸੋਚ ਵਿਚਾਰ ਜੇ ਕਾਰ ਕਰੇ ਕਦੇ ਨਾ ਪਛਤਾਏ।
ਜ਼ਿੰਦਗੀ ਜੇ ਸਾਵੀਂ ਪੱਧਰੀ ਜਿਊਣੀ ਲੋਚੋ
ਹਰ ਕੰਮ ਸਵੀਕਾਰ ਕਰਨ ਤੋਂ ਅਗਾਊਂ ਸੋਚੋ।
ਜੀਵਨ ਜੋ ਸਲੀਕੇ ਤਰੀਕੇ ਨਾਲ ਜਿਉਂਦੇ ਅਕਸਰ
ਖ਼ੁਸ਼ ਰਹਿਣ, ਖ਼ੁਸ਼ੀਆਂ ਫੈਲਾਉਂਦੇ।

## ਪਿਆਰ ਛੋਹਾਂ

ਹਰ ਜੀਵ ਪਿਆਰ ਦਾ ਦੀਵਾਨਾ ਹੈ
ਪਿਆਰ ਜੀਵਨ ਦਾ ਖਜ਼ਾਨਾ ਹੈ।
ਜੀਵ ਭਟਕਦੇ ਫਿਰਨ ਕਿਤੇ ਸੱਚਾ ਪਿਆਰਾ ਰਹਿਬਰ ਮਿਲ ਜਾਵੇ
ਇਸ ਭਟਕਣ ਤੋਂ ਕੋਈ ਵਿਰਲਾ ਨਿਜਾਤ ਪਾਵੇ।
ਪਿਆਰ ਛੋਹਾਂ ਪਾਵੇ ਕੋਈ ਕਰਮਾਂ ਵਾਲਾ
ਜੰਤਾ ਵਾਸਨਾ ਪਿੱਛੇ ਭੱਜ ਕੱਢੇ ਦੀਵਾਲਾ।
ਕੋਮਲ ਪਿਆਰ ਛੋਹਾਂ ਨਾਲ ਸੀਨਾ ਠਰ ਜਾਵੇ
ਭਟਕਣ 'ਚ ਪਈ ਜਿੰਦ ਕੁੱਝ ਸਕੂਨ ਪਾਵੇ।
ਕੋਈ ਨਾ ਕੌੜੇ ਬੋਲ ਸਹਾਰੇ
ਪਰ ਆਪਣੇ ਕਿਰਦਾਰ ਵੱਲ ਕਦੇ ਨਾ ਝਾਤ ਮਾਰੇ।
ਪਿਆਰ ਛੋਹਾਂ ਜੇ ਇਕ ਸੁਰ ਹੋਵਣ ਸਵਰਗ ਹੁਲਾਰੇ ਆਵਣ
ਅਸੀਂ ਅਭਾਗੇ ਮਿੱਟੀਆਂ ਪਿੱਛੇ ਕਮਲੇ ਸਵਰਗ ਹੁਲਾਰੇ ਕਦੇ ਨ ਆਵਣ।
ਸੱਚਾ ਸੁੱਚਾ ਜੇ ਸਾਥ ਮਿਲ ਜਾਵੇ
ਜਿੰਦ ਨੂੰ ਸਕੂਨ ਮਿਲੇ ਰੂਹ ਸਾਂਤੀ ਪਾਵੇ।
ਬੰਦਿਆ ਭਟਕਣ ਤੋਂ ਜੇ ਛੁਟਕਾਰਾ ਪਾਉਣਾ
ਪੰਜ ਦੂਤਾਂ ਤੇ ਕਾਬੂ ਪਾਉਣਾ।

# ਸਿਆਣਪ

ਦੂਸਰਿਆਂ ਦੀ ਦੌਲਤ ਅਤੇ ਆਪਣੀ ਅਕਲ ਹਰ ਇੱਕ ਨੂੰ ਵੱਡੀ ਲੱਗੇ
ਬੰਦਾ ਭਟਕਦਾ ਫਿਰੇ ਬੇਚੈਨੀ ਹੱਥ ਲੱਗੇ।
ਪ੍ਰਭੂ ਨੇ ਜੋ ਦਿੱਤਾ ਉਸ ਵਿੱਚ ਨਾ ਸ਼ੁਕਰ ਮਨਾਈਏ
ਐਧਰ ਓਧਰ ਵੇਖ ਕੇ ਐਵੇਂ ਸਮਾਂ ਫਜ਼ੂਲ ਗਵਾਈਏ
ਸਫਲ ਮਨੁੱਖ ਦਾਤੇ ਤੇ ਓਟ ਰੱਖ, ਹੱਡ ਭੰਨਵੀਂ ਮਿਹਨਤ ਕਰਦੇ
ਤਾਕਾ ਝਾਕੀ ਤੋਂ ਬਚੇ ਰਹਿੰਦੇ ਨਵੀਂਆਂ ਮੰਜ਼ਿਲਾਂ ਸਰ ਕਰਦੇ।
ਮਨ ਮੱਤੇ ਬੰਦੇ ਭਟਕਣ ਵਿੱਚ ਪੈ ਅੱਕੀਂ ਪਲਾਹੀਂ ਹੱਥ ਮਾਰਨ
ਦੂਸਰਿਆਂ ਦੇ ਸੋਹਲੇ ਗਾਉਂਦੇ ਰਹਿਣ, ਮਿਹਨਤ ਮੁਸ਼ੱਕਤ ਵੱਲ ਨਾ ਹੱਥ ਮਾਰਨ।
ਸਹਸ ਸਿਆਣਪਾਂ ਲੱਖ ਹੋਹਿ; ਤ ਇਕ ਨ ਚਲੈ ਨਾਲਿ॥
ਦਾਤੇ ਦਾ ਸ਼ੁਕਰਾਨਾ ਕਰਦੇ ਸੱਚੀ ਸੁੱਚੀ ਕਾਰ ਕਰੋ
ਦਾਤਾ ਮੇਹਰ  ਕਰੇਗਾ,ਦਰ ਉਸ ਦੇ ਖੁੱਲੇ ਨੇ ਵਿਸ਼ਵਾਸ ਕਰੋ।

# ਕੀ ਨਾਮ ਧਿਆਈਏ?

ਹਰ ਦਿਨ ਕੁੱਝ ਨਵਾਂ ਸੁਣਨ ਨੂੰ ਮਿਲਦਾ ਹੈ।
ਭੰਭਲਭੂਸੇ 'ਚ ਇਹ ਤੁੱਛ ਬੁੱਧ ਬੰਦਾ
ਕੋਈ ਕਹੇ ਸ਼ਿਵ ਬਾਬਾ, ਕੋਈ ਮਾਤਾ, ਕੋਈ ਸਾਈਂ ਬਾਬਾ, ਕੋਈ
ਯੀਸ਼ੂ ਮਸੀਹ, ਕੋਈ ਰਾਧਾ ਸੁਆਮੀ, ਕੋਈ ਰਾਧਾ ਕ੍ਰਿਸ਼ਨ, ਕੋਈ
ਰਾਮ, ਰਾਧੇ ਮਾਂ, ਕੋਈ ਅੱਲ੍ਹਾ, ਕੋਈ ਵਾਹਿਗੁਰੂ, ਕੋਈ ਨਰਾਇਣ......
ਕੀ ਕੀ ਨਾਮ ਗਿਣਾਵੇ, ਨਿੱਤ ਨਵਾਂ ਫ਼ੁਰਮਾਨ ਹੁੰਦਾ, ਜਿੰਦ
ਨਿਮਾਣੀ ਕਿਸ ਦਰ ਜਾਵੇ।
ਹਰ ਕੋਈ ਪੂਰਨ ਕਲਿਆਣ ਦਾ ਦਾਵਾ ਕਰੇ
ਮਾਇਆ ਛਲਣੀ ਹੈ ਤਿਆਗ ਦੇਵੋ ਸਾਨੂੰ ਰੱਬ ਭਲੀ ਕਰੇ।
ਨੇਕ ਕਮਾਈ ਨਾ ਕਰਦੇ ਬੰਦੇ ਧ੍ਰੋਹ ਖ਼ੂਬ ਕਮਾਉਂਦੇ ਨੇ
ਹੱਕ ਪਰਾਇਆ ਖਾਣ ਲੱਗੇ ਜ਼ਰਾ ਨਾ ਘਬਰਾਉਂਦੇ ਨੇ।
ਦਾਤੇ ਦੇ ਦਰਾਂ ਤੇ ਜਾ ਹਿੱਸਾ ਕੁੱਝ ਚੜ੍ਹਾਉਂਦੇ ਨੇ
ਜੰਤਾ ਵਿੱਚ ਬੱਲੇ ਬੱਲੇ ਹੋਵੇ ਦਾਨੀ ਪੁਰਖ ਕਹਾਉਂਦੇ ਨੇ।
ਮੈਂ ਅਧਰਮੀ ਬੰਦਾ ਪੂਜਾ ਪਾਠ ਨਾ ਕਰਾਂ
ਦਾਤੇ ਦੀ ਆਗਿਆ'ਚ ਰਹਿਣ ਦੀ ਕੋਸ਼ਿਸ਼ ਕਰਾਂ।

# ਛੋਹ

ਬਿਨ ਛੂਹੇ ਜੋ ਦਿਲ  ਨੂੰ ਛੂਹੇ ਖਰਾ ਪਿਆਰ ਕਹਾਵੇ
ਲਫ਼ਜ਼ੀ ਗੁਣਗਾਨ ਤਾਂ ਅਕਸਰ ਫਰਜ਼ੀ ਹੁੰਦਾ ਬੰਦੇ ਨੂੰ ਭਟਕਾਵੇ।
ਬੰਦਾ ਗੁੰਝਲਦਾਰ ਸ਼ੈਅ, ਭੇਤ ਪਾਉਣਾ ਔਖਾ
ਮਤਲਬ ਖਾਤਰ ਹਰ ਪਲ ਰੰਗ ਬਦਲੇ ਸੌਖਾ।
ਸਰੀਰਕ ਛੋਹ ਭਟਕਣ ਵਿੱਚ ਪਾਏ।
ਮ੍ਰਿਗ ਤ੍ਰਿਸ਼ਨਾ ਵਧਾਏ, ਬੰਦਾ ਹਾਏ ਦੁਹਾਈ ਪਾਏ।
ਬੰਦਾ ਲੋਚੇ ਵਕਤੀ ਮਿੱਠੇ ਪਿਆਰੇ ਹੋਵੋ
ਕੰਮ ਨਿਕਲਣ ਤੇ ਵਾਤ ਨਾ ਪੁੱਛੋ ਦਰ ਆਪਣੇ ਢੋਵੋ।
ਸ਼ਿਕਾਰੀ ਦਿਲਲੁਬਾਣੇ ਜਾਲ ਵਿਛਾ ਸ਼ਿਕਾਰ ਫਸਾਵਣ
ਤਰਲੋ ਮੱਛੀ ਹੋਵੇ ਭਾਵੇਂ ਕੋਈ, ਤਰਸ ਕਦੇ ਨਾ ਖਾਵਣ
ਇਕ ਮਿੱਟੀ ਤੋਂ ਦਿਲ ਭਰ ਜਾਵੇ ਤਾਂ ਹੋਰ ਪਿੱਛੇ ਲੱਗ ਜਾਵਣ।

## ਛਲਾਵਾ

ਦੁਨੀਆਂ ਇਕ ਛਲਾਵਾ, ਕੋਈ ਭੇਦ ਨਾ ਇਸ ਦਾ ਪਾਏ
ਬੰਦਾ ਛਲਾਵੇ ਨੂੰ ਸਮਝਣ 'ਚ ਵਿਅਰਥ ਸਮਾਂ ਗੁਆਏ।
ਗਿਆਨੀ ਪੁਰਖ ਨਾ ਚੱਕਰ ਵਿੱਚ ਪੈਂਦੇ
ਹਰ ਪਲ ਨੂੰ ਵਾਹਿਗੁਰੂ ਦਾ ਪ੍ਰਸ਼ਾਦ ਸਮਝ ਲੈਂਦੇ।
ਚਾਤਰ ਬੰਦੇ ਚਾਲਾਂ ਚਾਲਣ ਦੁਨੀਆਂ ਉਂਗਲਾਂ ਤੇ ਨਚਾਈਏ
ਹਰ ਪਲ ਨੂੰ ਸਵੈਇੱਛਾ ਅਨੁਸਾਰ ਬਿਤਾਈਏ।
ਭੁੱਲ ਜਾਵਣ ਅਸੀਂ ਦਾਤੇ ਦੇ ਹੁਕਮ 'ਚ ਬੱਝੇ ਆਏ
ਹੁਕਮੈ ਅੰਦਰਿ ਸਭੁ ਕੋ ਬਾਹਿਰ ਹੁਕਮੈ ਨ ਕੋਈ।
ਦੁਨੀਆਂ ਨੂੰ ਛਲਦਾ ਬੰਦਾ ਕਦੇ ਚੈਨ ਨਾ ਪਾਵੇ
ਉਲਟੇ ਪੁਲਟੇ ਜਾਲ ਬੁਣਦਾ ਜੀਵਨ ਅਜ਼ਾਬ ਬਣਾਵੇ।
ਕਿਰਤ ਕਰੋ,ਨਾਮ ਜਪੋ ਵੰਡ ਛਕੋ ਬਾਬੇ ਨੇ ਸਮਝਾਇਆ।
ਜੋ ਛਲਾਵੇ ਦੇ ਚੱਕਰਾਂ ਵਿੱਚੋਂ ਨਿਕਲੇ ਉਨ੍ਹਾਂ ਜੀਵਨ ਸਫਲ ਬਣਾਇਆ।

# ਸੱਚ ਤੇ ਝੂਠ

ਸੱਚ ਤੇ ਝੂਠ ਜੀਵਨ ਦੇ ਪਹਿਲੂ ਨੇ
ਸੱਚ ਇਹ ਵੀ ਹੈ ਸੱਚੇ ਹਮੇਸ਼ਾਂ ਜਿੱਤ ਦੇ ਨੇ।
ਝੂਠ ਕੁੱਝ ਪਲ ਲਈ ਰੰਗੀਨੀਆਂ ਬਖੇਰ ਜਾਵੇ
ਸੱਚ ਨੂੰ ਪਿਛਾੜ ਜਾਵੇ।
ਹਰ ਕੋਈ ਜੀਵਣ 'ਚ ਜਿੱਤਣਾ ਲੋਚੇ
ਬੇਝਿਜਕ ਹਾਰੋ ਜੇਕਰ ਕੋਈ ਆਪਣਾ ਹਰ ਹੀਲੇ ਜਿੱਤਣਾ ਸੋਚੇ।
ਸੱਚ ਤੇ ਝੂਠ ਜੀਵਨ ਦੇ ਰਾਹ
ਹਰ ਹੀਲੇ ਇੱਕ ਅਪਣਾਉਣਾ ਪਵੇ।
ਸਵਾਰਥੀ ਮਨੁੱਖ ਝੂਠ ਦਾ ਸੌਖਾ ਰਾਹ ਅਪਣਾਉਂਦੇ
ਗੈਰਤਮੰਦ ਨਾ ਲਾਲਚ 'ਚ ਫਸਣ ਸੱਚਦਾ ਦਾ ਰਾਹ ਅਪਣਾਉਂਦੇ।

# ਜ਼ਿੰਦਗੀ ਦੀਆਂ ਲਕੀਰਾਂ

ਜ਼ਿੰਦਗੀ ਦੀਆਂ ਲਕੀਰਾਂ ਕਦੇ ਸਿੱਧੀਆਂ ਨਾਂ ਹੁੰਦੀਆਂ
ਬੰਦੇ ਦੀਆਂ ਇੱਛਾਵਾਂ ਸਦਾ ਪੂਰੀਆਂ ਨਾ ਹੁੰਦੀਆਂ।
ਬੰਦਾ ਜੇ ਹੋਣੀ ਖ਼ੁੱਦ ਲਿਖ ਸਕਦਾ ਤਾਂ ਭਗਵਾਨ ਹੋ ਜਾਂਦਾ।
ਬੜਾ ਵਲੇਵੇਂਦਾਰ ਹੈ ਤੰਤਰ, ਸੋਝੀਵਾਨ ਵੀ ਫਸ ਜਾਂਦਾ।
ਗੀਤਾ ਗਿਆਨ ਦੇਵੇ ਸਭ ਤੇਰੇ ਕਰਮਾਂ ਦਾ ਫਲ ਹੈ
ਕਰਮ ਹੁਣ ਜਾਂ ਪਿੱਛੇ ਕਦੇ ਵੀ ਕੀਤਾ ਹੋ ਸਕਦਾ ਹੈ।
ਜ਼ਿੰਦਗੀ ਹੈ ਭੁੱਲ ਭੁਲਈਆਂ ਕੋਈ ਵਿਰਲਾ ਹੀ ਭੇਦ ਪਾਵੇ।
ਬੰਦਾ ਲੋਚੇ ਸ਼ਾਇਦ ਭੋਲਾ ਭਾਲਾ ਬਣ ਕਰਮ ਫ਼ਲਾਂ ਤੋਂ ਮੁਕਤੀ ਪਾਵੇ।
ਇਹ ਵੀ ਅਟੱਲ ਸਚਾਈ ਹੈ ਫਲ ਭੋਗਣਾ ਹੀ ਪੈਣਾ
ਇਸ ਜੂਨ ਵਿੱਚ ਭੋਗੋ ਜਾਂ ਹੋਰ ਜੂਨੇ ਭੋਗਣਾ ਹੀ ਪੈਣਾ।
ਮਨ ਮੁੱਖ ਬੰਦਾ ਦਿਲ ਆਈਆਂ ਕਰ ਤਾਂ ਲੈਂਦਾ
ਸਮਾਂ ਪੈਣ ਤੇ ਪਛਤਾਵਾ ਹੀ ਪੱਲੇ ਪੈਂਦਾ।
ਜ਼ਿੰਦਗੀ ਦੀਆਂ ਲਕੀਰਾਂ ਨਾ ਕਦੇ ਹੋਣ ਸਿੱਧੀਆਂ
ਈ.ਸੀ.ਜੀ ਦੀ ਲਾਈਨ ਵੀ ਸਿੱਧੀ ਹੋ ਜਾਵੇ
ਜੀਵਨ ਦਾ ਪੜਾਅ ਜਦੋਂ ਮੁੱਕ ਜਾਵੇ।

# ਸੰਪੂਰਨਤਾ

ਬੰਦੇ ਦਾ ਸੰਪੂਰਨ ਹੋਣਾ ਅਸੰਭਵ ਹੈ
ਪੰਜ ਭੂਤਕ ਸਰੀਰ ਲਈ ਮੰਜ਼ਲ ਦੁਸ਼ਵਾਰ ਹੈ।
ਸੰਪੂਰਨ ਬੰਦਾ ਦਾਤੇ 'ਚ ਵਲੀਨ ਹੋਵੇ
ਧਰਤੀ ਦਾ ਹਰ ਵਾਸੀ ਪੰਜ ਦੂਤਾਂ ਦਾ ਗੁਲਾਮ ਹੋਵੇ।
ਇਨਸਾਨ ਜੋ ਪੂਰਨਤਾ ਵੱਲ ਵਧ ਜਾਵੇ
ਪੰਜ ਦੂਤਾਂ ਦੀ ਗੁਲਾਮੀ ਤੋਂ ਮੁਕਤੀ ਪਾਵੇ।
ਮਹਾਂਪੁਰਖ ਜੋ ਪੰਜਦੂਤਾਂ ਤੇ ਫਤਿਹ ਪਾਵਣ
ਦੁਨੀਆਂ ਦੇ ਰਾਹ ਦਸੇਰੇ ਬਨਣ, ਪੂਜੇ ਜਾਵਣ।
ਬੰਦਾ ਲੋਚੇ ਦੁੱਖਾਂ ਤੋਂ ਮੁਕਤੀ ਪਾਵੇ
ਇਹ ਸੰਭਵ ਹੈ ਜੇ ਦਾਤੇ ਦੇ ਲੜ ਲੱਗ ਜਾਵੇ।

# ਦਿਲ ਕਰਦਾ

ਦਿਲ ਕਰਦਾ ਇਸ ਧਰਤ ਨੂੰ ਸਵਰਗ ਬਣਾ ਦੇਵਾਂ
ਸਵਰਗਾਂ ਦੀ ਭਾਲ ਦੀ ਭਟਕਣਾਂ ਮੁੱਕੇ ਸੁਰਖ਼ਰੂ ਹੋ ਜਾਵਾਂ।
ਭੁੱਖ, ਕੰਗਾਲੀ, ਜਹਾਲਤ ਦੇ ਬੱਦਲ ਛਟਣ ਉਜਾਲਾ ਹੋ ਜਾਵੇ
ਹਰ ਜੀਵ ਸੁੱਖ ਦਾ ਸਾਹ ਲਵੇ ਦੁੱਖ ਕਲੇਸ਼ ਮਿਟ ਜਾਵੇ।
ਇਹ ਜੀਵਨ ਹੈ ਜੇ ਇਕਵਾਰ ਤਾਂ ਕਿਉਂ ਨਾ ਖ਼ੁਸ਼ ਗਵਾਰ ਹੋਵੇ
ਧਰਤ ਤੇ ਜੋ ਕੂੜ ਪਸਾਰਾ ਮਨੁੱਖਾਂ ਦੀ ਦੇਣ ਹੈ
ਦਾਤੇ ਸਿਰ ਨਾ ਮੜ੍ਹੋ ਇਹ ਸਭ ਉਸ ਦੀ ਦੇਣ ਹੈ।
ਪੰਜ ਦੂਤਾਂ ਵਸ ਪਿਆ ਬੰਦਾ ਨਰਕ ਭੋਗੇ
ਕਰ ਲਵੇ ਜੋ ਵੱਸ ਸਵਰਗ ਹੁਲਾਰੇ ਭੋਗੇ।
ਹਰ ਜੀਵ ਦੂਤਾਂ ਤੇ ਪਕੜ ਅਨੁਸਾਰ ਕਰਮ ਕਮਾਵੇ
ਜੈਸੇ ਜੋ ਕਰਮ ਕਮਾਵੇ ਵੈਸਾ ਹੀ ਫਲ ਪਾਵੇ।
ਹਰ ਜੀਵ ਆਜ਼ਾਦ ਹੈ ਜੈਸੇ ਚਾਹੇ ਵੈਸੇ ਕਰਮ ਕਮਾਵੇ
ਤੇਰੀ ਚਾਹਤ ਮੂਰਖਤਾ ਹੈ ਬੰਦਿਆ
ਹਰ ਜੀਵ ਕੀਤੇ ਕਰਮ ਦਾ ਖੱਟਿਆ ਖਾਵੇ।

# ਮਾਯੂਸੀ

ਮਾਯੂਸੀ ਪੱਲੇ ਪਵੇ ਜਦ ਆਸਾਂ ਨੂੰ ਨਾ ਬੂਰ ਪਵੇ
ਇਹ ਵੀ ਅਟੱਲ ਸਚਾਈ ਹਰ ਆਸ ਨਾ ਕਦੇ ਪੂਰੀ ਹੋਵੇ।
ਬੰਦਾ ਲੋਚੇ ਸਦਾ ਮੌਜ ਬਹਾਰਾਂ ਮਾਣਾ
ਭੁੱਲ ਜਾਂਦਾ ਹੈ ਇਥੇ ਸਭ ਰੁੱਤਾਂ ਨੇ ਹੈ ਆਉਣਾ।
ਸਮਝਦਾਰ ਹੈ ਬੰਦਾ, ਜੋ ਹਰ ਮੌਸਮ ਨਾਲ ਸਾਥ ਨਿਭਾਵੇ।
ਕੁਦਰਤ ਦੇ ਅਸੂਲ ਨੇ ਪੱਕੇ,ਰਾਤ ਬਾਅਦ ਦਿਨ ਆਵੇ।
ਬੰਦਾ ਹੈ ਸਵਾਰਥ ਦਾ ਪੁਤਲਾ ਸਦਾ ਸਵੇ ਹਿਤ ਦੀ ਸੋਚੇ
ਦਾਤਾ ਸਭ ਜੀਵਾਂ ਦਾ ਪਾਲਕ, ਲੋਕਾਈ ਦਾ ਸੋਚੇ।
ਬੰਦਿਆ ਮਾਯੂਸ ਨਾ ਹੋ ਨੇਕ ਨੀਤੀ ਨਾਲ ਕਾਰ ਕਰ ਮਾਯੂਸੀ ਹੈ
ਤੇਰਾ ਪਤਨ ਹੌਸਲੇ ਨਾਲ ਮੁਸੀਬਤਾਂ ਸਰ ਕਰ
ਦਾਤੇ ਹੱਥ ਡੋਰ ਫੜਾ, ਮਾਯੂਸੀ ਦੀ ਦਲਦਲ ਵਿੱਚ ਨਾ ਫਸ
ਦਾਤੇ ਨੂੰ ਜੋ ਭਾਵੇ ਸੋਈਓ ਹੋਣਾ, ਕੁੱਝ ਨਾ ਸਾਡੇ ਵੱਸ।

# ਆਧੁਨਿਕ ਯੁੱਗ ਹੈ

ਕੋਣ ਸਵੀਕਾਰੇਗਾ
ਪੁਰਾਣੇ ਅੰਦਾਜ਼ ਦੀ ਕਵਿਤਾ।
ਆਦਮੀ ਹੁਣ ਪਹਿਲਾਂ ਵਾਲਾ ਨਹੀਂ ਰਿਹਾ
ਉਸ ਨੇ ਬਹੁਤ ਕੁੱਝ ਆਧੁਨਿਕ ਅਪਣਾ ਲਿਆ ਹੈ
ਫਿਰ ਕਿਵੇਂ ਸਵੀਕਾਰੇ ਪੁਰਾਣੇ ਅੰਦਾਜ਼ ਦੀ ਕਵਿਤਾ
ਇਨਸਾਨ ਦੀਆਂ ਭੁੱਖਾਂ ਭਾਵੇਂ ਯੁੱਗਾਂ ਪੁਰਾਣੀਆਂ ਹਨ
ਇੱਛਾ ਪੂਰਨ ਕਰਨ ਦੇ ਢੰਗ ਤਰੀਕੇ ਅਧੁਨਿਕ ਹੋ ਗਏ ਨੇ
ਹਰਮਨ ਪਿਆਰਾ ਹੋਣਾ ਸਭ ਨੂੰ ਭਾਵੇ
ਇਸ ਲਈ ਮਾਰਕੇ ਦੀਆਂ ਵਸਤਾਂ ਅਪਣਾਵੇ
ਸੋਚਦਾ ਹੈ ਪੈਸੇ ਨਾਲ ਸਭ ਕਮੀਆਂ ਪੂਰੀਆਂ ਕਰ ਲਵੇਗਾ
ਪੈਸੇ ਕਮਾਉਣ ਲਈ ਸਭ ਕੁੱਝ ਦਾਅ ਤੇ ਲਾਵੇ
ਸਰਲਤਾ ਨਹੀਂ ਸਨਸਨੀ ਉਸ ਨੂੰ ਭ੍ਰਮਾਵੈ।
ਜ਼ਿੰਦਗੀ ਦਾ ਆਨੰਦ ਮਾਨਣ ਲਈ ਮੁੱਲ ਚੁਕਉਣਾ ਪੈਂਦਾ ਹੈ।
ਚਲਿੱਤਰ ਚਲਾਕੀਆਂ ਨਾਲ ਭਰਮ ਜਾਲ ਹੀ ਬੁਣਿਆ ਜਾ ਸਕਦਾ ਹੈ।

## ਬੰਦਾ ਤੇ ਮੌਸਮ

ਜੀਵਨ ਬਦਲਾਅ ਦਾ ਨਾਮ ਹੈ
ਇਥੇ ਹਰ ਪਲ ਸਭ ਕੁੱਝ ਬਦਲ ਰਿਹਾ ਹੈ।
ਮਨੁੱਖ ਦੀ ਸਵਾਰਥੀ  ਸੋਚ ਨੇ ਬਲਦੀ ਤੇ ਤੇਲ ਪਾਇਆ ਹੈ
ਕੁਦਰਤੀ ਬਦਲਾਅ ਨੂੰ ਲਾਂਬੂ ਲਾਇਆ ਹੈ।
ਬਹੁਤ ਠੇਸ ਪਹੁੰਚੇ ਮਨ ਨੂੰ ਜਦੋ ਬੰਦੇ ਕਿਰਦਾਰ ਬਦਲਦੇ ਨੇ
ਰਿਸ਼ਤੇ ਨਾਤੇ, ਸਾਕ ਸਬੰਧ, ਯਾਰੀਆਂ ਦੋਸਤੀਆਂ ਬਦਲਦੀਆਂ ਨੇ।
ਮੌਸਮਾਂ ਦੇ ਬਦਲਣ ਤੇ  ਬੰਦਾ ਓੜ ਪੋੜ ਕਰ ਬਚ  ਜਾਵੇ
ਜਦ ਬੰਦੇ ਬਦਲ ਜਾਣ ਇਨਸਾਨ ਨਿਮੋਝਾਣਾ ਹੋ ਜਾਵੇ।
ਦੁਨੀਆਂ ਤੇਜ਼ੀ ਨਾਲ ਬਦਲ ਰਹੀ ਹੈ
ਪੁਰਾਣੀਆਂ ਕਦਰਾਂ ਕੀਮਤਾਂ ਲਈ ਕਿੱਥੇ ਥਾਂ ਹੈ।
ਪੁਰਾਣੇ ਬੰਦੇ ਇੱਥੇ ਰਹਿਣ ਦੇ ਕਾਬਲ ਨਾ ਰਹੇ
ਤੜਕ ਭੜਕ, ਮਖੌਟੇ ਪਹਿਨਣ ਵਾਲੇ ਪੈਰ ਜਮਾ ਰਹੇ।
ਨਾ ਕਰ ਗਿਲਾ ਮਨਾ ਇਹ ਜੀਵਨ ਹੈ
ਪਦਾਰਥਵਾਦੀ ਯੁੱਗ ਵਿੱਚ ਇਹ ਸਭ ਚਲਦਾ ਹੈ।

# ਜੰਗਲ

ਮੈਂ ਤਾਜ਼ਾ ਤਾਜ਼ਾ ਜੰਗਲ ਦੀ ਫੇਰੀ ਲਾ ਆਇਆ ਹਾਂ
ਜ਼ਿੰਦਗੀ ਦੇ ਕਈ ਭਰਮ ਭੁਲੇਖਿਆਂ ਤੋਂ ਜਾਣੂ ਹੋ ਆਇਆ ਹਾਂ।
ਦੁਨੀਆਂ ਜੰਗਲ ਹੀ ਹੈ
ਇੱਥੇ ਹਰ ਤਕੜਾ ਜੀਵ ਮਾੜੇ ਨੂੰ ਖਾਦਾਂ ਹੈ।
ਇਮਾਨਦਾਰੀ, ਇਖਲਾਕ ਸਭ ਬੰਦੇ ਦੀਆਂ ਕਾਢਾਂ ਨੇ
ਸਮਾਜ ਦੇ ਕਾਇਦੇ ਕਾਨੂੰਨ ਕਮਜ਼ੋਰ ਦੀ ਰਖਿਆ ਲਈ ਨੇ।
ਜੰਗਲ ਦੀ ਹਰ ਸ਼ੈਅ ਦਾਤੇ ਨੇ ਇਕ ਕੜੀ ਵਿੱਚ ਪਰੋਈ
ਬੰਦੇ ਦੇ ਕਾਨੂੰਨਾਂ ਕਾਰਨ ਦੁਨੀਆਂ ਤਰਲੋ ਮੱਛੀ ਹੋਈ।
ਬੁੱਧੀਮਾਨ  ਸਮਾਜ ਦੀ ਭਲਾਈ ਲੋਚਣ
ਪੈਸੇ ਦੇ ਗੁਲਾਮੀ ਕਾਰਨ ਸਰਮਾਏਦਾਰ ਦਾ ਹੀ ਸੋਚਣ।
ਜੀਵ ਦਾਤੇ ਦੀ ਮੇਹਰ ਸਦਕਾ ਸਾਹ ਭਰਦਾ
ਪਤਾ ਨਹੀਂ ਕਦੋਂ ਸਾਹਾਂ ਦਾ ਖਾਤਾ ਪੂਰਾ ਕਰਦਾ।
ਬੰਦਿਆ ਜੇ ਧਰਤ ਤੇ ਜੀਵਨ ਸਹਿਜ ਬਣਾਉਣਾ
ਹਰ ਸ਼ੈਅ ਦੇ ਜੀਵਨ-ਜਾਪਣ ਲਈ ਸਹੀ ਕਾਨੂੰਨ ਬਣਾਉਣਾ।

## ਸੂਰਜ ਸੁਨੇਹਾ

ਜਦੋਂ ਚੜ੍ਹੇ ਸੂਰਜ ਤਾਂ ਸਵੇਰਾ ਹੋਵੇ
ਜੀਵ ਜੰਤ ਲੱਗ ਜਾਣ ਆਹਰੇ ਜਦ ਸਵੇਰਾ ਹੋਵੇ।
ਜੀਵਨ ਜੁੜਿਆ ਹੈ ਸੂਰਜ ਨਾਲ
ਇਸ ਬਿਨ ਨਾ ਜੀਵਾਂ ਦਾ ਪਾਰ ਉਤਾਰਾ ਹੋਵੇ।
ਬਦਲਦੇ ਮੌਸਮ ਕਾਰਨ ਜੇ ਸੂਰਜ ਬੇਵਕਤਾ ਦਰਸ ਵਿਖਾਵੇ
ਜੀਵਨ ਵਿੱਚ ਹਾਹਾਕਾਰ ਮੱਚ ਜਾਵੇ।
ਸਾਂਵਾਂ ਪੱਧਰਾ ਜੀਵਨ ਰਹੇ ਸਮੇਂ ਸਿਰ ਜੇ ਹਰ ਸ਼ੈਅ ਚੱਲੇ
ਮਨ ਮੱਤਾ ਬੰਦਾ ਹਰ ਸ਼ੈਅ ਬੇਵਕਤੀ ਮੰਗੇ, ਆਪਹੁਦਰਾ ਚੱਲੇ।
ਬੰਦੇ ਦੀਆਂ ਮਨ ਮੱਤੀਆਂ ਕਰਕੇ ਜੀਵਨ ਉੱਥਲ-ਪੁੱਥਲ ਹੋਇਆ
ਦੋਸ਼ ਦੇਵੇ ਦਾਤੇ ਨੂੰ ਇਹ ਕੀ ਅਣਹੋਣਾ ਹੋਇਆ।
ਦਾਤੇ ਦੇ ਹੁਕਮਾਂ ਦੀ ਜੇ ਬੰਦਾ ਸਾਰ ਜਾਣੇ
ਸੱਭ ਕੁੱਝ ਸਹਿਜ ਹੋਵੇ ਸਦਾ ਖ਼ੁਸ਼ੀਆਂ ਮਾਣੇ।
ਨਿਸ਼ਕਾਮ, ਨਿਮਰ, ਨਿਰਵੈਰ ਹੋ ਸਭ ਕਾਰ ਕਰੋ
ਸੂਰਜ ਨਿੱਤ ਸੁਨੇਹਾ ਦੇਵੇ ਸਦਾ ਹੀ ਪਰਉਪਕਾਰ ਕਰੋ।

# ਦੁਨੀਆਂ ਰੰਗ ਬਰੰਗੀ

ਜੀਵਨ ਘੁੰਮਣ ਘੇਰੀ ਹੈ
ਕਦੇ ਦੁੱਖਾਂ ਦੀ ਕਦੇ ਸੁੱਖਾਂ ਦੀ ਫੇਰੀ ਹੈ।
ਫੁੱਲਾਂ ਦੀ ਵੰਨਗੀ ਗੁਲਦਸਤਾ ਸਜਾਵੇ
ਕਾਇਨਾਤ ਹੈ ਰੰਗ ਬਰੰਗੀ ਤਾਂ ਕਿ ਧਰਤ ਸੁਹਾਵੇ।
ਸੱਜਣ ਤੇ ਠੱਗ ਵੀ ਸਭ ਉਸ ਦੇ ਬੰਦੇ
ਕੋਈ ਭਲੇ ਕੰਮ ਕਰੇ, ਕੋਈ ਮੰਦੇ।
ਕੌੜਾ ਮਿਲੇ ਤਾਂ ਮਿੱਠੇ ਦੀ ਕਦਰ ਜਾਣੇਂ ਬੰਦਾ
ਬਹੁਤਾ ਮਿੱਠਾ ਵੀ ਰੋਗੀ ਕਰੇ ਬੰਦਾ।
ਦਾਤਾ ਸੋਝੀ ਬਖ਼ਸ਼ੇ ਚੰਗੇ ਮੰਦੇ ਦੀ ਪਛਾਣ ਹੋਵੇ
ਦੁਨੀਆਂ ਰੰਗ ਬਰੰਗੀ ਹੈ ਮਾਨਣ ਦੀ ਸੁਮੱਤ ਹੋਵੇ।

# ਪੈਨ/ਪੈਨਸਿਲ

ਬਚਪਨ ਵਿੱਚ ਫੱਟੀ ਤੇ ਲਿਖਣਾ ਸਿਖਿਆ ਸੀ
ਫਿਰ ਰਫ਼ ਕਾਪੀ ਪੈਨਸਿਲ ਦੀ ਵਾਰੀ ਆਈ ਸੀ।
ਜਿੰਦਗੀ ਦੀ ਰਫ਼ਤਾਰ ਧੀਮੀ ਸੀ
ਇਕ ਪੱਧਰ ਤੋਂ ਦੂਜੇ ਤੇ ਪਹੁੰਚਣ ਲਈ ਸੰਘਰਸ਼ ਦੀ ਲੋੜ ਸੀ।
ਸਮਾਂ ਬਦਲਿਆ, ਅੱਜ ਹਰ ਕੋਈ ਤੁਰੰਤ ਨਤੀਜੇ ਚਾਹੇ
ਗਿਟਕ ਬੀਜ ਤੁਰੰਤ ਅੰਬਾਂ ਨਾਲ਼ ਲੱਦੇ ਬੂਟੇ ਚਾਹੇ।
ਕੁਦਰਤ ਦੇ ਨਿਯਮਾਂ ਨੂੰ ਛਿੱਕੇ ਟੰਗ ਬੰਦਾ ਮਨ ਮਤ ਹੋਇਆ
ਭੁੱਲ ਬੈਠਾ ਹੈ ਫਲ ਹਮੇਸ਼ਾ ਸਮੇਂ ਤੇ  ਹੀ ਹੋਇਆ।
ਕੱਚੀ ਉਮਰੇ ਗ਼ਲਤੀਆਂ ਸੁਧਾਰਨ ਦੀ ਛੋਟ ਹੁੰਦੀ
ਪੱਕੀ ਉਮਰ ਬੜੀ ਡਾਢੀ ਹਰ ਗਲਤੀ ਤੇ ਸਜ਼ਾ ਹੁੰਦੀ।
ਪੈਨਸਿਲ ਵੇਲੇ ਬੇਫ਼ਿਕਰੀ ਸੀ ਪੈਨ ਹੱਥ ਆਉਣ ਤੇ ਫ਼ਿਕਰ ਵਧਿਆ ਹੈ
ਬੋਚ ਬੋਚ  ਪੈਰ ਧਰਨਾ ਪਵੇ ਹਰ ਗਲਤੀ ਦੀ ਸਜ਼ਾ ਹੈ।
ਬੱਚਾ ਜਾਣ ਭੁੱਲਾਂ ਬਖਸ਼ੀ ਦਾਤਾ
ਮੈਂ ਬੇ ਅਕਲਾ ਤੂੰ ਹੀ ਕਾਜ਼ ਸਵਾਰੀਂ ਦਾਤਾ।

# ਭਵਿੱਖ ਦੀ ਕਵਿਤਾ

ਜਿਸ ਤਰ੍ਹਾਂ ਦੇ ਵਰਤਾਰੇ ਅੱਜਕਲ੍ਹ ਚਲ ਰਹੇ ਹਨ
ਲਗਦਾ ਭਵਿੱਖ ਦੀ ਕਵਿਤਾ ਵਿਚੋਂ ਅੱਜ ਦਾ ਬਹੁਤ ਕੁੱਝ ਮਨਫੀ ਹੋ ਜਾਵੇਗਾ।
ਮਨੁੱਖੀ ਕਦਰਾਂ ਕੀਮਤਾਂ ਇਨਸਾਨ, ਇਨਸਾਨੀਅਤ ਵਰਗੇ ਲਫਜ਼ ਅਲੋਪ ਹੋ ਜਾਣਗੇ।
ਸਬਰ-ਸੰਤੋਖ, ਸ਼ਾਂਤੀ, ਭਾਈਚਾਰਾ, ਇਨਸਾਨੀਅਤ, ਮਨੁੱਖਤਾ ਬਾਰੇ ਗੱਲ ਕਰਨੀ ਬਕਵਾਸ ਲੱਗੇਗੀ।
ਦੂਜੇ ਗ੍ਰਹਿਆਂ ਤੇ ਵੱਸਣ ਦੀ ਹੋੜ ਲੱਗੇਗੀ
ਇਹ ਭੂਮੰਡਲ ਰਹਿਣ ਦੇ ਕਾਬਲ ਹੀ ਨਹੀਂ ਛੱਡਣਗੇ।
ਭੌਤਿਕਵਾਦ ਤੋਂ ਅੱਕੇ ਮਨੁੱਖ ਅਭਾਸੀ (virtual) ਦੁਨੀਆਂ ਵਿੱਚ ਜਿਉਣਾ ਪਸੰਦ ਕਰਨਗੇ।
ਰਿਸ਼ਤੇ, ਨਾਤੇ, ਪਿਆਰ, ਵਿਆਹ, ਦੋਸਤੀਆਂ ਸਭ ਬੀਤੇ ਦੀਆਂ ਗੱਲਾਂ ਹੋਣੀਆਂ।
ਸਚਮੁੱਚ ਹੀ ਮਨੁੱਖ ਪੂਰਨਤਾ ਵੱਲ ਵੱਧ ਰਿਹਾ ਹੈ/ ਜਾਂ ਆਪਣੇ ਅੰਤ ਵੱਲ।
ਮੈਂ ਖ਼ੁਦ ਇਹ ਸ਼ਬਦ ਬਿਨਾਂ ਕਿਸੇ ਪੈਨ, ਕਾਗਜ਼ ਦੇ ਲਿਖ ਰਿਹਾ ਹਾਂ ਜੋ ਕਦੇ ਸੋਚਿਆ ਵੀ ਨਹੀਂ ਸੀ।

# ਭੈ

ਪਹਾੜਾਂ ਦੀ ਗੋਦ 'ਚ ਜੀਵਨ ਸਾਥਣ ਦਾ ਸਾਥ ਮਾਣਦੇ
ਮੈਂ ਸਹਿਮ ਜਾਵਾਂ
ਇਹ ਪਲ ਸਦਾ ਨਾ ਰਹਿਣੇ
ਇਕ ਦਿਨ ਇਹ ਸਾਥ ਮੁੱਕ ਜਾਣਾ।
ਤੁਰ ਜਾਵੇਗਾ ਕੋਈ ਅਗਲੇ ਸਫ਼ਰ ਤੇ
ਜਿਸ ਦੀ ਮੈਂ ਥਾਹ ਨਾ ਜਾਣਾ।
ਭੈ ਦੇ ਮਾਰੇ ਲੋਚਾਂ, ਰੱਜ ਕੇ ਜੀਵਾਂ
ਫਿਰ ਵਕਤ ਹੱਥ ਨਾ ਆਣਾ।
ਜੀਵਨ ਦੀ ਹੈ ਅਟੱਲ ਸਚਾਈ
ਹਰ ਇਕ ਨੇ ਇਥੋਂ ਤੁਰ ਜਾਣਾ।
ਮੂਰਖ ਬੰਦਿਆ ਕਿਉਂ ਭੈ ਖਾਵੇਂ
ਤੇਰਾ ਇਥੇ ਕੁੱਝ ਵੀ ਨਹੀਂ
ਦਾਤੇ ਦਿੱਤਾ, ਦਾਤੇ ਨੇ ਲੈ ਜਾਣਾ।
ਭੈ/ਚਿੰਤਾ ਨੇ ਚਿਤਾ ਸਮਾਨ
ਭੈ ਕਰ ਕੁੱਝ ਬਦਲ ਨਹੀਂ ਜਾਣਾ।
ਜ਼ਿੰਦਗੀ ਜਿਉਂ ਲੈ ਸੋਝੀ ਨਾਲ
ਫਿਰ ਵਕਤ ਹੱਥ ਨਹੀਂ ਆਣਾ।
ਜੀਵਨ ਤ੍ਰਿਸ਼ਨਾ ਕਦੇ ਨਾ ਮੁੱਕੇ
ਤੂੰ ਭੋਗਦੇ ਭੋਗਦੇ ਮੁੱਕ ਜਾਣਾ।
ਸਦੀਵ ਜੇ ਜਿਉਣਾ ਲੋਚੋ
ਜੀਵ ਜੰਤ ਦੀ ਸੇਵ ਕਮਾਉਣਾ।

## ਫੁੱਲ

ਫੁੱਲਾਂ ਵਰਗੇ ਬਣ ਜਾਈਏ ਜੇਕਰ
ਸੋਜ, ਸੁਹੱਪਣ, ਸੁਗੰਧੀਆਂ ਵੰਡੀਏ ਅਸੀਂ।
ਗਿਲੇ-ਸ਼ਿਕਵੇ ਈਦ ਨਾ ਆਉਣ ਜੇ ਆੜੇ
ਨਿਰਛਲ ਇਨਸਾਨ ਬਣ ਜਾਈਏ ਅਸੀਂ।
ਕੀਨੇ-ਸਾੜੇ ਨਾ ਆਉਣ ਜੇ ਆੜੇ
ਹਰਮਨ ਪਿਆਰੇ ਬਣ ਜਾਈਏ ਅਸੀਂ।
ਹੋਈਏ ਭਾਵੇਂ ਲੱਖ ਗਿਆਨੀ ਧਿਆਨੀ
ਅਭਿਮਾਨ ਤਿਆਗ, ਸਤਿਕਾਰੇ ਜਾਈਏ ਅਸੀਂ।
ਫੁੱਲ  ਕੁਦਰਤ ਦੀ ਅਦੁੱਤੀ ਦੇਣ
ਸੋਜ-ਸੁਹੱਪਣ ਸੁਗੰਧੀਆਂ ਮਾਣੀਏ ਅਸੀਂ।

# ਕਮਰੇ ਦੇ ਅੰਦਰ ਕਮਰੇ ਦੇ ਬਾਹਰ

ਮੈਂ ਹੋਟਲ ਦੇ ਕਮਰੇ ਦੇ ਬਾਹਰ
ਬੈਂਚ ਤੇ ਬੈਠਾ ਕਵਿਤਾਵਾਂ ਦੀ ਕਿਤਾਬ ਪੜ੍ਹ ਰਿਹਾ ਹਾਂ।
ਕਦੇ ਕਦੇ ਕਿਸੇ ਪੰਛੀ ਦੇ ਚਹਿਚਹਾਉਂਣ ਦੀ ਆਵਾਜ਼
ਜਾਂ ਹਵਾ ਵਿੱਚ ਝੂਮਦੀਆਂ ਦਰੱਖ਼ਤਾਂ ਦੀਆਂ ਟਾਹਣੀਆਂ
ਪੱਤਿਆਂ ਦੀ ਸਰਸਰਾਹਟ ਇਕ ਗ਼ਜ਼ਬ ਦਾ ਸੰਗੀਤ ਪੈਦਾ ਕਰਦੀ ਹੈ।
ਮੇਰਾ ਰੋਮ ਰੋਮ ਅਨੰਦਿਤ ਹੋ ਜਾਂਦਾ ਹੈ।
ਅਚਾਨਕ ਮੇਰਾ ਧਿਆਨ ਹੋਟਲ ਦੇ ਰੂਮ ਸਰਵਿਸ
ਲੜਕੇ ਵੱਲ ਖਿੱਚਿਆ ਜਾਂਦਾ ਹੈ।
ਦੋ ਥੋੜੇ ਸਮੇਂ ਵਿੱਚ ਹੀ ਇਕ ਕਮਰੇ ਦੇ ਕਈ ਚੱਕਰ ਲਗਾ ਚੁੱਕਾ ਹੈ।
ਹਰ ਫੇਰੀ ਵਿੱਚ ਕੁੱਝ ਨਵਾਂ ਲੈ ਕੇ ਆਉਂਦਾ ਹੈ।
ਕਦੇ ਸੋਡੇ ਦੀਆਂ ਬੋਤਲਾਂ, ਕਦੇ ਕੋਈ ਨਮਕੀਨ
ਅਤੇ ਪਤਾ ਨਹੀਂ ਹੋਰ ਕੀ ਲਟਰਮ ਸ਼ਟਰਮ।
ਕਮਰੇ ਵਿੱਚ ਸ਼ਾਇਦ ਕੋਈ ਪਾਰਟੀ ਚਲ ਰਹੀ ਹੈ।
ਛੇ,ਸੱਤ ਦੋਸਤ ਮੈਦਾਨਾਂ ਦੀ ਲੂਹ ਸੁਟਣੀ ਗਰਮੀ ਤੋਂ ਰਾਹਤ ਪਾਉਣ ਲਈ
ਪਹਾੜਾਂ ਦੀ ਤਾਜ਼ੀ ਠੰਡੀ ਹਵਾ ਦਾ ਅਨੰਦ ਮਾਨਣ ਵਾਸਤੇ ਆਏ ਹਨ, ਦਾਰੂ-ਮੁਰਗਾ ਤਾਂ ਜ਼ਰੂਰੀ ਹੈ।
ਥੋੜੇ ਸਮੇਂ ਬਾਅਦ ਕਮਰੇ ਵਿਚੋਂ ਆਵਾਜ਼ਾਂ ਦੀ ਸੁਰ ਉੱਚੀ ਹੋ ਰਹੀ ਹੈ।
ਮਹਿਫਲ ਪੂਰੇ ਜਲੌਅ ਵਿੱਚ ਹੈ।
ਕਦੇ ਕਿਸੇ ਦੇ ਉੱਚੀ ਠਹਾਕੇ ਅਤੇ ਕਿਸੇ ਸਿਆਸੀ
ਮੁੱਦੇ ਨੂੰ ਲੈ ਕੇ ਬਹਿਸਾ ਬਹਿਸੀ ਹੋ ਰਹੀ ਹੈ।
ਮੈਂ ਅਨੰਦ ਮਾਨਣ ਲਈ ਅਜਿਹਾ ਕੁੱਝ ਵੀ ਨਹੀਂ ਵਿਉਂਤਦਾ।
ਸੁਭ੍ਹ ਮੇਰੇ ਕੋਲੋਂ ਦੀ ਲੰਘਦੀ ਟੋਲੀ ਨਾਲ ਸਰਸਰੀ ਗਲ
ਕਲ੍ਹ ਤਾਂ ਖ਼ੂਬ ਮਹਫ਼ਿਲ ਜੰਮੀ?
ਬੱਸ ਐਵੇਂ ਮੌਸਮ ਦਾ ਅਨੰਦ ਲੈਣ ਦਾ ਮੂਡ ਬਣ ਗਿਆ ਸਭਦਾ।

ਇਥੇ ਆ ਕੇ ਕੁੱਝ ਸਾਫ਼ ਤਾਜ਼ੀ ਹਵਾ ਮਿਲਦੀ ਮਨ ਬਦੋਬਦੀ ਮਸਤੀ ਕਰਨ ਦੀ ਸੋਚਦਾ।
ਆਮ ਆਦਮੀ ਦੀ ਸੋਚ
ਸਵੈ ਤੋਂ ਉੱਪਰ ਨਹੀਂ ਉੱਠ ਸਕਦੀ
ਮੇਰਾ ਸਕੂਨ, ਮੇਰਾ ਆਰਾਮ ਜ਼ਰੂਰੀ ਹੈ
ਇਸ ਮੈਂ ਨੇ ਤਾਂ ਦੁਨੀਆਂ ਵਿੱਚ ਤੜਥੱਲੀ ਮਚਾਈ ਹੈ
ਆਮ ਲੋਕਾਂ ਦਾ ਸਕੂਨ ਹਰਾਮ ਕੀਤਾ ਹੈ।
ਕੁਦਰਤ ਦੀ ਗੋਦ ਨੂੰ ਪਲੀਤ ਕਰ ਮਨ ਦਾ ਸਕੂਨ ਲੱਭਦੇ ਫਿਰਨ ਬੰਦੇ।

# ਕੁਦਰਤ ਦੇ ਅੰਗ ਸੰਗ

ਮੈਂ ਕੁਦਰਤ ਦੀ ਉਪਜ ਕੁਦਰਤ ਦੀ ਗੋਦ ਸਕੂਨ ਪਾਵਾਂ।
ਦੁਨੀਆਂ ਦਾਰੀ ਦੇ ਝਮੇਲਿਆਂ 'ਚ ਫਸਿਆ
ਕੁਦਰਤ ਤੋਂ ਵਿੱਛੜਣ ਤੇ ਫੜਫੜਾਵਾਂ।
ਦੁਨੀਆਂਦਾਰੀ ਅਜੀਬ ਹੈ ਗੁੰਝਲ
ਜਿਉਂ ਜਿਉਂ ਸੁਲਝਾਵਾਂ ਉਲਝਦਾ ਜਾਵਾਂ।
ਕੁਦਰਤ ਦਾਤੇ ਦੇ ਹੁਕਮ ਤੇ ਚੱਲੇ
ਪਾਪ-ਪੁੰਨ, ਨਫ਼ੇ-ਨੁਕਸਾਨ, ਉਚ-ਨੀਚ ਲਈ ਨਾ ਕੋਈ ਥਾਵਾਂ।
ਮੈਂ ਮਨੁੱਖ, ਸਮਾਜਕ ਦਾਇਰੇ 'ਚ ਬੱਝਾ
ਤੋੜ ਨਾ ਪਾਵਾਂ ਬੰਧਨ, ਬੇਬਸ ਫੜਫੜਾਵਾਂ।
ਭੁਲਾ ਕੇ ਕੁਦਰਤ ਦੇ ਨਿਯਮ ਮਨੁੱਖਾਂ ਅੱਤ ਚੁੱਕੀ
ਕਰੋਨਾ ਨੇ ਔਕਾਤ ਵਿਖਾਈ ਤਾਂ ਦਾਤੇ ਅੱਗੇ ਕਰੇ ਦੁਆਵਾਂ।
ਕੁਦਰਤ ਨਾਲ ਜੋ ਖਿਲਵਾੜ ਨੇ ਕਰਦੇ
ਨਸਲਕੁਸ਼ੀ ਦੇ ਰਾਹ ਪਏ, ਕੀ ਸਮਝਾਵਾਂ।

# ਖ਼ੁਸ਼ ਦਿਲ ਤਿੱਤਲੀ

ਕਿੰਨੀ ਖ਼ੁਸ਼ ਹੈ ਤਿੱਤਲੀ ਵੰਨ ਸਵੰਨੇ ਫੁੱਲਾਂ ਤੇ ਮੰਡਰਾਉਂਦੀ ਫਿਰੇ
ਅਨਭੋਲ ਹੈ, ਅਣਜਾਣ ਹੈ, ਬੇਖ਼ਬਰ ਹੈ ਜੀਵਨ ਹੈ ਥੋੜਾ।
ਮੈਂ ਬੁੱਧੀ ਜੀਵੀ ਅਖਵਾਉਂਦਾ ਬੁੱਧੂ ਬਣਿਆ
ਲਾਲਚ ਵੱਸ ਝੂਰਾਂ ਜੀਵਨ ਹੈ ਥੋੜਾ।
ਦਿਲਕਸ਼ ਤਿੱਤਲੀ ਸੁਨੇਹਾ ਦੇ ਗਈ
ਘੁੰਮ ਫਿਰ ਮੇਲਾ ਵੇਖੋ ਕਦੇ ਨਾ ਸੋਚੋ ਜੀਵਨ ਥੋੜਾ।
ਲਾਲਚ, ਖੁਦਗਰਜੀ ਦੀ ਦਲਦਲ ਵਿਚੋਂ ਜੋ ਨਿਕਲ ਗਿਆ।
ਜੀਵਨ ਦਾ ਅਨੰਦ ਮਾਣੇ, ਸੇਵ ਕਮਾਵੇ
ਕਦੇ ਨਾ ਝੂਰੇ ਜੀਵਨ ਥੋੜਾ।

## ਸੁੱਚੀ ਸੋਚ

ਕੋਈ ਸੁੱਚੀਆਂ ਰਾਹਾਂ ਤੇ ਚੱਲਣ ਦੀ ਸੋਚੇ ਤਾਂ ਦੁਨੀਆਂ ਨਾ ਸਹੇ
ਤਾਹਨੇ ਮਾਰੇ, ਨੌਂ ਸੌ ਚੂਹੇ ਖਾ ਕੇ ਬਿੱਲੀ ਹੱਜ ਨੂੰ ਚੱਲੀ ਦੀ ਗੱਲ ਕਹੇ।
ਅੱਜ ਕੌਣ ਹੋਠ ਸੁੱਚੇ ਰੱਖ ਸਕਦੇ ਸ਼ਿਕਾਰੀ ਸੋਨ ਮਿਰਗ ਵਿਖਾ ਬਾਜ਼ਾਰੀਂ ਵਿਕਾਵਣ
ਇਨਸਾਨ ਪ੍ਰਸ਼ੰਸ਼ਾ ਦਾ ਭੁੱਖਾ, ਸ਼ਿਕਾਰੀ ਕਮਜ਼ੋਰੀ ਦਾ ਫਾਇਦਾ ਉਠਾਵਣ।
ਸਵਾਰਥੀ ਦੁਨੀਆਂ ਵਿੱਚ ਜੋ ਅਸੂਲ, ਇਖਲਾਕ ਦੀ ਗੱਲ ਕਰੇ
ਦੁਨੀਆਂ ਉਸ ਨੂੰ ਮੂਰਖ਼, ਨਾ ਸਮਝ ਕਹਿ, ਕਿਨਾਰਾ ਕਰੇ।
ਸੁੱਚੀ ਸੋਚ ਜੋ ਨਾ ਰੱਖਦੇ
ਚਾਪਲੂਸਾਂ ਦੇ ਜਾਲ਼ ਚ' ਸੌਖੇ ਫਸਦੇ।
ਦੁਨੀਆਂ ਭਟਕਦੀ ਫਿਰੇ ਕਿੱਧਰੇ ਸਕੂਨ ਮਿਲੇ
ਸੁੱਚੀ ਸੋਚ ਨਾ ਰੱਖੇ ਦੁਨੀਆ ਸਕੂਨ ਕਿਥੋਂ ਮਿਲੇ।

# ਜਿਊਣਾ ਵੀ ਮੈਂ/ਮਰਨਾ ਵੀ ਮੈਂ

ਮਰਨਾ/ਜਿਉਣਾ ਸਭ ਕੁੱਝ ਦਾਤੇ ਦੇ ਹੱਥ
ਦਾਤੇ ਖੁੱਲ੍ਹ ਦਿੱਤੀ ਕਿਵੇਂ ਜਿਊਣਾ ਤੇਰੇ ਹੱਥ।
ਧਰਤੀ ਤੇ ਅਜਬ ਨਜ਼ਾਰੇ ਪਸਰੇ ਸਭੇ ਨਾ ਆਉਂਦੇ ਹੱਥ।
ਜੀਵਨ ਜਿਉਂਦੇ ਨਹੀਂ, ਜਨਮ ਭੋਗਣ ਬੰਦੇ
ਲਾਲਚ ਖੁਦ ਗਰਜ਼ੀ ਜਿਨ੍ਹਾਂ ਪਕੜੀ ਹੱਥ।
ਮੈਂ ਤੁੱਛ ਬੁੱਧ ਨਾ ਜਾਣਾ ਜੀਵਨ ਦੀ ਥੌਹ
ਬਸ ਐਨਾ ਜਾਣਾ ਸੋਝੀ ਨਾਲ ਜੀਅ ਪਲ ਜੋ ਤੇਰੇ ਹੱਥ।
ਕੋਈ ਨਾ ਕਿਸੇ ਲਈ ਮਰੇ/ ਜੀਵੇ ਇੱਥੇ
ਸਭ ਵਰਤਾਰੇ ਨਫ਼ੇ/ਨੁਕਸਾਨ ਦੀ ਤੱਕੜੀ ਤੋਲਣ ਹੱਥ।
ਮਰਨਾ ਵੀ ਮੈਂ/ਜਿਉਣਾ ਵੀ ਮੈਂ, ਸਭ ਕੁੱਝ ਮੈਂ ਹੀ ਸਹਿਣਾ
ਜੀਵਨ ਸਹਿਲ ਬਣਾਉਣਾ ਲੋਚੇਂ, ਪਰਉਪਕਾਰ ਕਮਾਵਣ ਹੱਥ।

# ਜ਼ਿੰਦਗੀ ਗੋਰਖ ਧੰਦਾ

ਜ਼ਿੰਦਗੀ ਅਜੀਬ ਗੋਰਖ ਧੰਦਾ
ਜਿਸ ਨੂੰ ਸੁਲਝਾਉਣਾ ਚਾਹੇ ਹਰ ਬੰਦਾ।
ਅਕਲਮੰਦੀ ਨਾਲ ਜੋ ਸੁਲਝਾਉਣ ਦੀ ਸੋਚੇ
ਮੂੰਹ ਦੀ ਖਾਏ, ਮਾਯੂਸ ਹੋ ਫਿਰ ਉਲਟਾ ਸਿੱਧਾ ਸੋਚੇ।
ਗੁਰਾਂ ਨੇ ਸੱਚ ਹੀ ਫ਼ੁਰਮਾਇਆ ਹੈ
ਸਅਸ ਸਿਆਣਪਾ ਲਖ ਹੋਹਿ ਤੇ ਇਕ ਨ ਚਲੈ ਨਾਲਿ॥
ਜ਼ਿੰਦਗੀ ਦਾ  ਗੋਰਖ ਧੰਦਾ ਸੁਲਝ ਜਾਵੇ
ਦਾਤੇ ਦੀ ਰਜ਼ਾ ਚ' ਜੇ ਰਹਿਣਾ ਆ ਜਾਵੇ।
ਬੰਦਾ ਜਿਉਂ ਜਿਉਂ ਸੁਲਝਾਉਣਾ ਚਾਹੇ ਤਾਣੀ ਹੋਰ ਉਲਝਦੀ ਜਾਵੇ
ਥੱਕ ਹਾਰ ਭੱਜਣਾ ਛੱਡ ਬੰਦਾ ਦਾਤੇ ਦੇ ਚਰਨੀ ਲੱਗ ਜਾਵੇ।
ਲੋਕ ਕੀ ਕਹਿਣਗੇ ਦਾ ਭੈਅ ਬੁਜ਼ਦਿਲਾਂ ਨੂੰ ਸਤਾਵੇ
ਦਾਤੇ ਦਾ ਭੈ ਮੰਨ ਜੋ ਜੀਵਨ ਚਲਾਵੇ ਕਦੇ ਨਾ ਪਛਤਾਵੇ।
ਜ਼ਿੰਦਗੀ ਦਾ ਗੋਰਖ ਧੰਦਾ ਆਪਣੇ ਆਪ ਸੁਲਝ ਜਾਵੇ
ਸਵਾਰਥ ਦੀ ਦਲ ਵਿੱਚੋਂ ਨਿਕਲ ਬੰਦਾ ਜੇ ਪਰਉਪਕਾਰ ਕਮਾਵੇ।

## ਸਮੁੰਦਰ/ਪਹਾੜ/ ਜੰਗਲ/ ਰੇਗਸਤਾਨ

ਜ਼ਿੰਦਗੀ ਸੁਮੇਲ ਹੈ ਅਣਗਿਣਤ ਸ਼ੈਆਂ ਦੀ
ਇਸ ਦੇ ਰਾਹਾਂ ਤੇ ਬਹੁਤ ਕੁੱਝ ਆਵੇ ਜਾਵੇ।
ਸੁਮੰਦਰ, ਪਹਾੜ, ਜੰਗਲ ਤੇ ਰੇਗਸਤਾਨ ਇਸ ਦਾ ਹਿੱਸਾ
ਬੰਦਾ ਨਾ ਸਮਝੇ ਹਰ ਸ਼ੈ ਜੀਵਨ ਦੇ ਰਾਜ਼ ਸਮਝਾਵੇ।
ਸਮੁੰਦਰ ਜੀਵਨ ਨੂੰ ਡੂੰਘਾਈ ਨਾਲ ਸੋਚਣ ਲਈ ਪ੍ਰੇਰੇ
ਪਹਾੜ ਉੱਚੀਆਂ ਆਸਾਂ ਰੱਖ ਅਡੋਲ ਖੜਨਾ ਸਿਖਾਵੇ।
ਜੰਗਲ ਬੇਖ਼ੌਫ਼ ਹੋ ਦਾਤੇ ਦੇ ਹੁਕਮ ਤੇ ਚੱਲਣ ਦਾ ਸੁਨੇਹਾ ਦੇਵੇ
ਜੰਗਲ ਕਹੇ ਸਭ ਕੁੱਝ ਉਸਦਾ ਬੰਦਾ ਮੈਂ ਮੇਰੇ ਦਾ ਰੌਲਾ ਪਾਵੇ।
ਰੇਗਸਤਾਨ ਕਹੇ ਜੀਵਨ ਹੈ ਮ੍ਰਿਗ ਤ੍ਰਿਸ਼ਨਾ
ਨਾ ਭਟਕਣ ਵਿੱਚ ਪੈ ਜੀਵਨ ਅਜ਼ਾਬ ਬਣਾਵੋ।
ਦਾਤੇ ਦੀਆਂ ਦਾਤਾਂ ਦਾ ਅਨੰਦ ਮਾਣੋ ਨਾ ਕਬਜ਼ੇ ਜਮਾਵੋ
ਇਹ ਬ੍ਰਹਿਮੰਡ ਹੈ ਹਰ ਜੀਵ ਲਈ ਨਾ ਚਤੁਰਾਈ ਵਿਖਾਵੋ।

# ਕਿੱਥੇ ਫਰਿਆਦ ਕਰੀਏ

ਸਮੇਂ ਦੇ ਹਾਕਮ ਕੁਰਸੀਆਂ ਦੀ ਸਿਆਸਤ ਖੇਡ
ਭਾਈ ਨੂੰ ਭਾਈ ਨਾਲ ਲੜਾਵਣ ਕਤਲੇਆਮ ਕਰਾਵਣ
ਫਿਰਕੂਵਾਦ ਦੀ ਅੱਗ ਮਚਾ ਮਾਸੂਮਾਂ ਦੀ ਬਲੀ ਚੜਾਵਣ।
ਧਰਮ ਜ਼ਾਤ ਦੇ ਖਤਰੇ ਦੀ ਦੁਹਾਈ  ਦੇ ਮਾਨਵਤਾ ਨੂੰ ਲੜਾਉਣ।
ਮਨੁੱਖੀ ਕਦਰਾਂ ਕੀਮਤਾਂ ਨੂੰ ਲਾਂਬੂ ਲਾ ਮਸੀਹਾ ਦਾ ਸਵਾਂਗ ਰਚਾਉਣ।
ਆਮ ਮਨੁੱਖ ਕਿੱਥੇ ਜਾਣ ਕਿੱਥੇ ਫਰਿਆਦ ਸੁਣਾਉਣ
ਅਮਨ ਕਾਨੂੰਨ ਦੇ ਰਾਖੇ ਜਦ ਖੁੱਦ ਹੀ ਅੱਗ ਲਗਾਵਣ।
ਭੋਲੇ ਲੋਕੋ ਕੰਡੇ ਬੀਜ਼ ਕਿਉਂ ਫੁੱਲਾਂ ਦੀ ਆਸ ਕਰਦੇ ਹੋ
ਤੁਸੀਂ ਅੱਗਾਂ ਲਾ ਜੀਵ ਮੁਕਾਉਂਦੇ ਸੀ ਉਨ੍ਹਾਂ ਦੇ ਅਥਰੂਆਂ ਨੇ
ਤੁਹਾਨੂੰ ਡੁਬਾਇਆ ਹੈ।

# ਪਤੇ ਦੀ ਗੱਲ

ਮਨੁੱਖ ਜਦੋਂ ਬੁੱਢਾ ਹੋ ਜਾਵੇ
ਸਭ ਸ਼ਕਤੀਆਂ ਵਿੱਚ ਨਿਘਾਰ ਆਵੇ।
ਜੀਵਨ  ਸ਼ਕਤੀਆਂ ਭਾਵੇਂ ਘਟ ਜਾਵਣ
ਪਰ ਜੀਵਨ ਜਿਊਣ ਦਾ ਤਜ਼ਰਬਾ ਵੱਧ ਜਾਵੇ।
ਨਵੀਂ ਪੀੜ੍ਹੀ ਭਾਵੇਂ ਸਮਝੇ ਹੁਣ ਸਮਾਂ ਬਦਲ ਗਿਆ ਹੈ।
ਪੁਰਾਣਿਆਂ ਦਾ ਵਕਤ ਗਿਆ ਹੁਣ ਸਾਡਾ ਸਮਾਂ ਹੈ।
ਬੁਢਾਪੇ ਵਿੱਚ ਭਾਵੇਂ ਨਜ਼ਰ ਘਟੇ ਪਰ ਨਜ਼ਰਾਂ ਪਰਖ਼ਣ ਦਾ ਵੱਲ ਆਵੇ।
ਸੁਨਣ ਸ਼ਕਤੀ ਵੀ ਘਟੇ ਪਰ ਆਵਾਜ਼ ਕਿਸ ਅੰਦਾਜ਼ ਵਿੱਚ ਆਈ
ਹੈ ਸਮਝ ਜਾਵੇ।
ਬੋਲ ਬਾਣੀ ਵੀ ਡਗਮਗਾਵੇ ਕੁੱਝ ਬੋਲਣ ਤੋਂ ਘਬਰਾਵੇ।
ਬੁਢਾਪੇ ਵਿੱਚ ਬੰਦਾ ਬੱਚਾ ਬਣ ਜਾਵੇ
ਬੱਚਿਆਂ ਵਾਂਗ ਝੱਟ ਰੁਸੇ ਝੱਟ ਮੰਨ ਜਾਵੇ।
ਬੱਚੇ ਬੁੱਢੇ ਸਰੀਰ ਤੇ ਕਾਬੂ ਨਾ ਰੱਖ ਪਾਵਣ
ਡਿਗਦੇ ਢਹਿੰਦੇ ਤੁਰਦੇ ਜਾਵਣ।
ਕੋਮਲ ਅਹਿਸਾਸਾਂ ਦੇ ਮਾਲਕ
ਗੁੱਸੇ ਗਿਲੇ, ਖ਼ੁਸ਼ੀਆਂ ਖੇੜੇ ਝੱਟ ਵਿਖਾਵਣ।
ਇਨਸਾਨ ਹੋ ਤਾਂ ਇਨਸਾਨਾਂ ਵਾਂਗ ਜਿਉਂ
ਜਵਾਨੀ ਸਦਾ ਨਾ ਰਹੇ ਬੁਢਾਪਾ ਵੀ ਆਉਣਾ ਹੈ ਪਤੇ ਦੀ ਗੱਲ।

# ਧਰਤੀ ਦੇ ਜਾਏ

ਧਰਤੀ ਦੇ ਜਾਏ ਧਰਤੀ ਨਾਲ ਜੁੜ ਕੇ ਰਹਿੰਦੇ।
ਠੰਡੀਆਂ-ਤੱਤੀਆਂ ਹਵਾਵਾਂ, ਗਰਮੀ-ਸਰਦੀ ਮਾਂ ਸੰਗ ਹੰਢਾਵਣ।
ਕਦੇ ਨਾ ਮੂੰਹ ਮੋੜਦੇ ਨਾ ਪਿੱਠ ਵਿਖਾਉਂਦੇ
ਦੁੱਖ-ਸੁੱਖ ਸਭ ਇਕੱਠੇ ਗੁਜਾਰਣ।
ਮੌਕਾ ਪ੍ਰਸਤ, ਖੁਦ ਗਰਜ਼, ਆਪਣੀ ਜਾਤ ਤਕ ਸੀਮਤ
ਮਾਂ ਦਾ ਨਾ ਸਾਥ ਨਿਭਾਵਣ।
ਸੁਖ ਸਹੂਲਤਾਂ ਦੇ ਗੁਲਾਮ
ਉਹਨਾਂ ਪਿੱਛੇ ਦੌੜਦੇ ਇੱਧਰ ਉੱਧਰ ਭਟਕੀ ਜਾਵਣ।
ਗਾਹ ਲੈਣ ਭਾਵੇਂ ਦੁਨੀਆਂ ਸਾਰੀ
ਮਾਂ ਦੇ ਮੋਹ ਦਾ ਬਦਲ ਨਾ ਕਿਤੇ ਵੀ ਪਾਵਣ।

# ਦੇਵਦਾਰ ਦਾ ਰੁੱਖ

ਵਾਹ ਓਏ ਲੰਮ ਸਲੰਮਿਆ
ਮੋਟੀ ਤਾਜ਼ੀ ਤੇਰੀ ਦਿੱਖ
ਤੇਰੀ ਸ਼ੈਲ ਜਵਾਨੀ ਵੇਖ ਲੱਥੇ ਭੁੱਖ।
ਸਾਡੇ ਦੇਸ਼ ਕੋਈ ਟਾਵਾਂ ਬਚਿਆ
ਬਾਕੀ ਸਭ ਨੂੰ ਲੱਗੇ ਕਈ ਦੁੱਖ।
ਨਾ ਉੱਥੇ ਪਵਨੁ ਗੁਰੂ ਰਿਹਾ ਨਾ ਪਾਣੀ ਪਿਤਾ
ਅਤੇ ਨਾ ਹੀ ਮਾਤਾ ਧਰਤ ਮਹਤੁ।
ਖੁਦਗਰਜ਼ ਮਨੁੱਖਾਂ ਸਭ ਪਲੀਤ ਕੀਤਾ
ਦੌਲਤ ਕਮਾਉਣ ਦੀ ਪਈ ਭੁੱਖ।
ਖ਼ੁਸ਼ ਕਿਸਮਤ ਏਂ ਯਾਰਾ ਸਭ ਦੌਲਤਾਂ ਮਾਣੇ
ਤੂੰ ਅਰਸ਼ਾਂ ਨੂੰ ਛੂਹੇਂ, ਡਲਕਾਂ ਮਾਰੇ ਤੇਰੀ ਦਿੱਖ।
ਆਪਣੇ ਦੇਸ਼ ਜਾ ਦੱਸਾਂਗਾ ਤੇਰੀ ਖ਼ੁਸ਼ਹਾਲੀ ਦਾ ਰਾਜ਼
ਸ਼ਾਇਦ ਭੁੱਲਾਂ ਸੁਧਾਰ ਲੈਣ
ਮੇਰੇ ਦੇਸ਼ ਦੇ ਸਵਾਰਥੀ ਮਨੁੱਖ।

# ਮਾਂ ਬੋਲੀ ਪੰਜਾਬੀ

ਪੰਜਾਬੀ ਮੇਰੀ ਮਾਂ ਬੋਲੀ
ਮੇਰੀ ਮਾਂ ਸੀ ਮੇਰੇ ਕੰਨੀ ਘੋਲੀ।
ਇਹ ਬੋਲੀ ਮੇਰੇ ਜੀਵਨ ਦੇ ਅੰਗ ਸੰਗ
ਇਸ ਦਾ ਹਰ ਬੋਲ ਦਿਲ ਨੂੰ ਛੋਹ ਜਾਵੇ
ਜੀਵਨ ਦੇ ਅਰਮਾਨਾਂ, ਅਹਿਸਾਸਾਂ ਨੂੰ ਆਵਾਜ਼ ਦੇ ਜਾਵੇ।
ਸਿੱਖ ਲਵਾਂ ਭਾਵੇਂ ਲੱਖ ਬੋਲੀਆਂ
ਮੇਰੇ ਮਨ ਦੇ ਭੇਤ ਬੱਸ ਇਹੋ ਖੋਲ੍ਹੇ।
ਸਵਾਰਥ ਦੀ ਦਲਦਲ 'ਚ ਗ਼ਰਕ ਜ਼ਮਾਨਾ
ਮਾਂ ਬੋਲੀ ਨੂੰ ਮਨੋ ਵਿਸਾਰ ਚੌਧਰੀਆਂ ਦੀ ਬੋਲੀ ਬੋਲੇ।
ਪੂੰਜੀਪਤੀ ਜੱਗ ਤੇ ਹੋਏ ਕਾਬਜ਼, ਮਜਬੂਰੀ ਵੱਸ ਹਰ ਕੋਈ ਬੋਲੇ ਉਨ੍ਹਾਂ ਦੀ ਬੋਲੀ
ਵਿਦੇਸ਼ੀ ਭਾਸ਼ਾਵਾਂ ਬੋਲ, ਭੋਲੀ ਜਨਤਾ ਤੇ ਰੋਹਬ ਜਮਾਵਣ
ਮਾਂ ਬੋਲੀ ਨੂੰ ਮਨੋ ਵਿਸਾਰ ਮਾਂ ਨਾਲ ਧ੍ਰੋਹ ਕਮਾਵਣ।
ਮਾਂ ਤੇ ਮਾਂ ਬੋਲੀ ਨੇ ਜੀਵਨ ਦੇ ਆਧਾਰ
ਸੱਚੇ ਸਪੂਤ ਬਣ ਕਰੋ ਇਨ੍ਹਾਂ ਦਾ ਸਤਿਕਾਰ।
ਕੇਵਲ ਮਾਂ ਬੋਲੀ ਦਿਵਸ ਤੇ ਹੀ ਨਾ ਰਸਮੀ ਸੋਹਲੇ ਗਾਈਏ
ਮਾਂ ਬੋਲੀ ਦੀ ਕਦਰ ਜਾਣੀਏ
ਸਦਾ ਆਪਣੇ ਘਰਾਂ ਵਿੱਚ ਇਸ ਦੀ ਰੌਸ਼ਨੀ ਫੈਲਾਈਏ।

# ਤਿੱਤਲੀਆਂ

ਕੁਦਰਤ ਦੀ ਹੁਸੀਨ ਰਚਨਾਂ ਮਨ ਮੋਹ ਲੈਣ ਤਿੱਤਲੀਆਂ
ਵੰਨ ਸਵੰਨੇ ਰੰਗਾਂ ਤੇ ਨਮੂਨਿਆਂ ਨਾਲ ਸ਼ਿੰਗਾਰੀਆਂ ਤਿੱਤਲੀਆਂ।
ਹਰ ਕੋਈ ਲੋਚੇ ਉਸ ਦੇ ਅੰਗਸੰਗ ਹੋਣ ਤਿੱਤਲੀਆਂ
ਰੰਗੀਨੀਆਂ ਦੀ ਹੀ ਮੁਰੀਦ ਹੁੰਦੀਆਂ ਤਿੱਤਲੀਆਂ।
ਰੰਗ ਬਰੰਗੇ, ਰਸ ਭਰਪੂਰ ਫ਼ੁੱਲਾਂ ਤੇ ਹੀ ਮੰਡਰਾਉਣ ਤਿੱਤਲੀਆਂ
ਰਸ ਚੂਸ ਉੱਡ ਜਾਣ ਮਤਲਬੀ ਤਿੱਤਲੀਆਂ।
ਖੁਸ਼ਬੂਆਂ, ਰੰਗਾਂ ਤੋਂ ਸੱਖਣੇ ਫੁਲਾਂ ਤੇ ਨਾ ਮੰਡਰਾਉਣ ਤਿੱਤਲੀਆਂ
ਕੀਨੇ, ਸਾੜੇ ਦੀ ਬਦਬੂ ਨਾ ਭ੍ਰਮਾਵੈ ਤਿੱਤਲੀਆਂ।
ਬੰਦਿਆ ਤੇਰੇ ਅੰਗ ਸੰਗ ਰਹਿਣਗੀਆਂ ਤਿੱਤਲੀਆਂ
ਖ਼ੁਸ਼ਬੂ ਤੇ ਰਸਭਰਪੂਰ ਹੋਣਾ ਪਉ ਤਾਂ ਹੀ ਆਉਣਗੀਆਂ ਤਿੱਤਲੀਆਂ।

# ਦਰੱਖ਼ਤ ਤੇ ਲਟਕੀ ਪਤੰਗ

ਮੈਂ ਜਦ ਤੋਂ ਇਸ ਵਿਸ਼ਾਲ ਪਿੱਪਲ ਦੇ ਰੁੱਖ ਵਿੱਚ ਆਣ ਫਸੀ ਹਾਂ
ਜੀਵਨ ਦੀ ਸਚਾਈ ਨੂੰ ਜਾਣ ਗਈ ਹਾਂ।
ਡੋਰ ਨਾਲੋਂ ਆਜ਼ਾਦ ਹੋ ਮੈਂ ਬਹੁਤ ਉਚੀਆਂ ਉਡਾਰੀਆਂ ਲਾਈਆਂ
ਪਰ ਮਨ ਸਹਿਮ ਜਾਂਦਾ ਸੀ ਜਦ ਧਰਤੀ ਵੱਲ ਜਾਵਾਂ
ਹਰ ਕੋਈ ਮੈਨੂੰ ਲਲਚਾਈਆਂ ਨਜ਼ਰਾਂ ਨਾਲ ਵੇਖੇ, ਉਸਦੇ ਹੱਥੇ ਚੜ੍ਹ ਜਾਵਾਂ
ਲੁੱਟ ਪੁੱਟ ਇਹਨਾਂ ਲਾਲਚੀਆਂ ਮੈਨੂੰ ਪੁਰਜ਼ਾ ਪੁਰਜ਼ਾ ਕਰਨਾ ਸੀ
ਪੈਰਾਂ ਵਿੱਚ ਰੋਲਦੇ ਕਿਸੇ ਦਾ ਕੁੱਝ ਨਹੀਂ ਸਰਨਾ ਸੀ।
ਵਿਸ਼ਾਲ ਪਿੱਪਲ ਦੇ ਸੀਨੇ ਲੱਗ, ਮਟਕ ਹੁਲਾਰੇ ਖਾਵਾਂ
ਉੱਚੀ ਟਾਹਣੀ ਤੇ ਅਟਕੀ ਹਾਂ ਭੁੱਖੜਾਂ ਨੂੰ ਲਲਚਾਵਾਂ।
ਜੀਵਨ ਜੇ ਸਕੂਨ ਨਾਲ ਜਿਊਣਾ ਉੱਚੇ ਸੁੱਚੇ ਦੇ ਲੜ ਲੱਗ ਜਾਵੋ
ਭਟਕਣ ਵਿੱਚ ਪੈ ਕੁੱਝ ਨਹੀਂ ਲੱਭਣਾ ਭਾਵੇਂ ਲੱਖ ਉਡਾਰੀਆਂ ਲਾਵੋ।

# ਸੜਕ/ ਰਾਹ/ਮਜ਼ਦੂਰ

ਪਿਆਰਿਆਂ ਦੁਲਾਰਿਆਂ ਨੂੰ ਮਿਲਣ ਲਈ ਜਦ ਮਨ ਚਾਹੇ ਸੜਕਾਂ/ਰਾਹਾਂ ਬਾਰੇ ਸੋਚਾਂ
ਸ਼ੁਕਰ ਗੁਜ਼ਾਰ ਹਾਂ ਮੈਨੂੰ ਮੰਜ਼ਿਲ ਵਿਖਾਵਣ ਜਿਸ ਬਾਰੇ ਸੋਚਾਂ।
ਸੜਕਾਂ/ਰਾਹਾਂ ਤੇ ਜਦ ਦੌੜੇ ਕਾਰ, ਮਨ ਗਦਗਦ ਹੋ ਜਾਵੇ
ਸ਼ੁਕਰਗੁਜ਼ਾਰਾਂ ਹਰ ਮਜ਼ਦੂਰ ਦਾ ਜੋ ਸੜਕ/ਰਾਹ ਬਣਾਵੇ।
ਹਕੀਰ ਨਜ਼ਰਾਂ ਨਾਲ ਵੇਖਣ ਲੋਕ ਮਜ਼ਦੂਰਾਂ ਵੱਲ
ਪੇਟ ਦੀ ਖਾਤਰ ਪਰਿਵਾਰ ਸੜਕਾਂ/ਰਾਹਾਂ ਤੇ ਆਵਣ ਚੱਲ।
ਤਰਸ ਦੇ ਨਹੀਂ ਸਿਜਦੇ ਦੇ ਪਾਤਰ ਹਨ ਯੋਧੇ ਲੋਕ
ਜੀਵਨ ਦਾਅ ਤੇ ਲਾਅ ਸਾਡੇ ਰਾਹ ਬਨਾਵਣ ਦਰਵੇਸ਼ ਲੋਕ।
ਸਵਾਰਥ, ਖੁਦਗਰਜ਼ੀ ਦੀ ਦਲਦਲ ਵਿਚੋਂ ਨਿਕਲੋ ਦੋਸਤੋ
ਇੰਨ੍ਹਾਂ ਪਰਿਵਾਰਾਂ ਦੇ ਸੁਚੱਜੇ ਜੀਵਨ-ਜਾਪਣ ਬਾਰੇ ਸੋਚੋ ਦੋਸਤੋ।
ਸਾਡੇ ਸੜਕ/ਰਾਹ ਹੋਰ ਹਮਵਾਰ ਹੋਣੇ
ਸੜਕਾਂ/ਰਾਹਾਂ ਦੇ ਕਾਮੇਂ ਜਦੋਂ ਖ਼ੁਸ਼ਹਾਲ ਹੋਣੇ।

# ਮਨ ਤੇ ਦਿਮਾਗ

ਮਨ /ਦਿਮਾਗ ਜ਼ਿੰਦਗੀ ਦੇ ਸਫ਼ਰ ਲਈ ਜ਼ਰੂਰੀ ਹੈ
ਕਿੱਥੇ ਕਿਸ ਦੀ ਸੁਣਨੀ ਵੀ ਸਮਝਣਾ ਜ਼ਰੂਰੀ ਹੈ।
ਮਨ ਹੈ ਚੰਚਲ ਘੋੜਾ ਝੱਟ ਬੇਕਾਬੂ ਹੋ ਜਾਵੇ
ਦਿਮਾਗ ਇਸ ਨੂੰ ਨੱਥ ਪਾ ਸਿੱਧੇ ਰਾਹ ਪਾਵੇ।
ਮਨ ਚੰਚਲ ਕਈਵਾਰ ਦਿਮਾਗ ਤੋਂ ਬਾਗ਼ੀ ਹੋ ਜਾਵੇ
ਭਾਵਨਾਵਾਂ ਦੇ ਵਹਾਅ 'ਚ ਵਹਿ ਜਾਵੇ।
ਮਨ/ਦਿਮਾਗ ਦੇ ਤਰਕ ਨੇ ਵੱਖਰੇ
ਦਿਮਾਗ ਸਹੀ/ਗ਼ਲਤ ਦੀ ਗੱਲ ਕਰੇ ਮਨ ਨੂੰ ਬੰਧਨ ਅੱਖਰੇ।
ਜ਼ਿੰਦਗੀ ਹੈ ਇਕ ਗੋਰਖ ਧੰਦਾ ਮਨ/ਦਿਮਾਗ ਹਰ ਪਲ ਨਚਾਉਣ
ਬੰਦੇ ਇੰਨ੍ਹਾਂ ਦੇ ਇਸ਼ਾਰਿਆਂ ਤੇ ਨੱਚਦੇ ਜੀਵਨ ਬਿਤਾਉਣ।
ਸਮਾਜ ਦੇ ਸਚਾਰੂ ਚਲਨ ਲਈ ਅਕਸਰ ਦਿਮਾਗ ਦਾ ਪਲੜਾ ਭਾਰੀ ਰਹੇ
ਮਨ ਭਾਵਨਾਵਾਂ ਦਾ ਗੁਲਾਮ, ਨਫ਼ੇ/ਨੁਕਸਾਨ ਤੇ ਭਾਰੂ ਰਹੇ।
ਬੁੱਧੀਮਾਨ ਹੈ ਬੰਦਾ ਜੋ ਦਾਤੇ ਦੀ ਰਜ਼ਾ ਨੂੰ ਸਮਰਪਿਤ ਹੋਵੇ
ਮਨ/ਦਿਮਾਗ ਦੇ ਤਰਕਾਂ ਤੇ ਕਾਬੂ ਪਾ ਖ਼ੁਸ਼ਹਾਲ ਹੋਵੇ।

## ਦਾਤੇ ਦੀ ਮੇਹਰ

ਲੱਖ ਨੇਹਮਤਾਂ ਪਾ ਕੇ ਵੀ, ਲਾਲਚੀ ਜੀਵ ਸਬਰ ਸੰਤੋਖ ਨਾ ਪਾਵੇ
ਹੋਵੇ ਨਾ ਜੇ ਦਾਤੇ ਦੀ ਨਿਗਾਹ ਸਵੱਲੀ ਸਭ ਨਿਹਫਲ ਹੋ ਜਾਵੇ।
ਦਾਤਾ ਵਸਤਾਂ ਭਾਵੇਂ ਥੋੜ੍ਹੀਆਂ ਦੇਵੀਂ, ਦੇਵੀਂ ਸਬਰ ਸੰਤੋਖ ਦੀ ਓਟ
ਤੇਰੀ ਮਿਹਰ ਦਾ ਹੱਥ ਜੇ ਸਿਰ ਤੇ ਹੋਵੇ, ਕਦੇ ਨਾ ਆਵੇ ਤੋਟ।
ਸਰਬੱਤ ਦਾ ਭਲਾ ਲੋਚਾਂ ਆਵੇ ਨਾ ਕਦੇ ਕੀਨਾ-ਸਾੜਾ
ਮੈਂ, ਮੇਰੇ ਨੂੰ ਮਨੋ ਵਿਸਾਰਾਂ, ਤੂੰ, ਤੇਰੇ ਦੀ ਸੋਝੀ ਆਵੇ, ਮਿਟ ਜਾਵੇ ਸਭ ਪਾੜਾ।
ਸ਼ੁਕਰ ਗੁਜ਼ਾਰ ਹਾਂ ਦਾਤਾ, ਤੇਰੀਆਂ ਲੱਖ ਨੇਹਮਤਾਂ ਮਾਣਾ
ਤੇਰੀ ਮਿਹਰ ਸਦਕਾ ਗ੍ਰਹਿਸਥੀ ਦਾ ਸੁੱਖ ਮਾਣਾ।
ਅੱਜ ਮਨੁੱਖ ਨਾ ਸਬਰ ਸੰਤੋਖੀ ਰਿਹਾ, ਹੋਰ ਹੋਰ ਦੀ ਰੱਟ ਲਾਵੇ
ਮੈਂ ਤੇ ਮੇਰੇ ਬੱਚੇ ਹੋਵਣ, ਕੋਈ ਨਾ ਸਾਡੇ ਨੇੜੇ ਆਵੇ।
ਮਨੁੱਖੀ ਅਹਿਸਾਸਾਂ ਤੋਂ ਹੋਏ ਸੱਖਣੇ
ਅਹਿਸਾਸਾਂ ਦੀ ਪੂਰਤੀ ਲਈ ਜੀਵ-ਜੰਤ ਪੈਂਦੇ ਰੱਖਣੇ।

## ਸਹਿਜ ਪਲ

ਮਨ ਨੂੰ ਸਕੂਨ ਮਿਲਦਾ ਸਹਿਜ ਪਲਾਂ ਵਿੱਚ
ਭਟਕਣ ਤੋਂ ਛੁਟਕਾਰਾ ਮਿਲੇ ਦਾਤੇ ਦੀ ਸ਼ਰਨ ਵਿੱਚ।
ਬੰਦਿਆ ਭਟਕਦਾ ਫਿਰੇ ਨਫ਼ੇ ਨੁਕਸਾਨਾਂ ਦੇ ਚੱਕਰ ਵਿੱਚ
ਖਾਲੀ ਹੱਥ ਆਇਆ ਖਾਲੀ ਜਾਣਾ, ਆਵੇ ਨਾ ਤੇਰੀ ਸਮਝ ਵਿੱਚ।
ਪਰਉਪਕਾਰ ਕਰ ਲੈ ਬੰਦਿਆਂ ਜੇ ਰਹਿਣਾ ਸਕੂਨ ਵਿੱਚ
ਧਨ ਦੌਲਤ ਸਕੂਨ ਦੇਵਣ ਜੇ ਰਹੇਂ ਉਹਦੀ ਰਜ਼ਾ ਵਿੱਚ।
ਜੀਵਨ ਅਜ਼ਾਬ ਹੋਇਆ ਆਪਾ ਧਾਪੀ ਵਿੱਚ
ਮੱਤ ਪੁੱਠੀ ਹੋਈ, ਬੰਦਾ ਫਿਰੇ ਹੰਕਾਰਿਆ ਮਾਇਆ ਵਿੱਚ।
ਪੈ ਧਰਮਾਂ ਕਰਮਾਂ ਦੇ ਚੱਕਰ ਵਿੱਚ
ਜ਼ਹਿਰ ਘੋਲੇ ਜੀਵਨ ਵਿੱਚ।
ਜਿਉਣਾ ਜੇ ਸਕੂਨ ਵਿੱਚ
ਰਹਿਣਾ ਸਿੱਖ ਦਾਤੇ ਦੀ ਰਜ਼ਾ ਵਿੱਚ।

# ਪੀੜ੍ਹੀ ਦਾ ਅੰਤਰ

ਅਧੁਨਿਕ ਯੁੱਗ ਤੇਜ਼ੀ ਦਾ ਯੁੱਗ
ਹਰ ਇਕ ਨੂੰ ਕਾਹਲੀ ਹੈ ਅੱਗੇ ਲੰਘ ਜਾਈਏ।
ਕਾਹਲੀ ਵੀ ਬੇਹੱਦ ਪਤਾ ਹੀ ਨਹੀਂ ਕਿੱਥੇ ਜਾਣਾ
ਅੰਨ੍ਹੀ ਦੌੜ ਵਿੱਚ ਸ਼ਾਮਲ ਜਨਤਾ, ਬੱਸ ਦੂਜੇ ਤੋਂ ਅੱਗੇ ਜਾਣਾ।
ਲੋਕਾਂ ਨੂੰ ਦਰੜਦੇ ਕੁਚਲਦੇ ਬੇਅਸੂਲੇ ਅੱਗੇ ਵੱਧਣ
ਸੜਕਾਂ ਤੇ ਨਿੱਤ ਜ਼ਾਮ ਲਗਾਵਣ,ਜੀਵਨ ਅਜ਼ਾਬ ਬਣਾਵਣ।
ਕੰਮ ਕੱਢੋ ਤੇ ਅੱਗੇ ਵਧੋ ਅੱਜ ਦੀ ਪੀੜ੍ਹੀ ਦਾ ਟੀਚਾ
ਗਲਤ ਭਾਵੇਂ ਖੁਦ ਹੋਵੋ, ਸਾਹਮਣੇ ਵਾਲੇ ਨੂੰ ਵਿਖਾਓ ਨੀਚਾ।
ਭਲੇ ਵਕਤਾਂ 'ਚ ਕੰਮ ਕਰਨ ਤੋਂ ਪਹਿਲਾਂ ਲੋਕ ਪਰ ਬਾਰੇ ਸੋਚਦੇ ਸੀ।
ਖ਼ੁੱਦ ਬਾਰੇ ਸੋਚੇ ਅੱਜ ਦੀ ਪੀੜ੍ਹੀ, ਪਰ ਦੀ ਚਿੰਤਾ ਕਰਨਾ ਮੂਰਖ ਦਾ ਕੰਮ ਸੀ।
ਧਰਤੀ ਤੇ ਸਦਾ ਨਾ ਕੋਈ ਟਿਕਿਆ ਰਿਹਾ, ਇਹ ਹੈ ਰਹਿਣ ਬਸੇਰਾ।
ਸੁਹਿਰਦ ਇਨਸਾਨਾਂ ਵਾਂਗ ਰਹੋ, ਨਾ ਕੂੜ ਦਾ ਕਰੋ ਬਖੇਰਾ।

## ਗੁਨਾਹਗਾਰ

ਮੈਂ ਖੁਦਗਰਜ਼ ਗੁਨਾਹਗਾਰ ਹਾਂ ਆਪਣੇ ਜਜ਼ਬਿਆਂ ਦਾ
ਸਮਾਂ ਗੁਜ਼ਰ ਚੁੱਕਾ ਬਹੁਤ ਕੁੱਝ ਬਦਲ ਚੁੱਕਾ ਹੈ
ਬੀਤੇ ਬਾਰੇ ਸੋਚ ਮੈਂ ਫਜ਼ੂਲ ਪਛਤਾਵਾਂ
ਕੁੱਝ ਵੀ ਨਹੀਂ ਬਦਲ ਸਕਦਾ ਸਮੇਂ ਨੂੰ ਕਿਵੇਂ ਪੁੱਠਾ ਗੇੜਾਂ?
ਮੈਂ ਜਦ ਬੀਤੇ ਨੂੰ ਯਾਦ ਕਰ ਪਛਤਾਵਾਂ
ਭੂਤ ਕਾਲ ਦੀ ਦਲ ਦਲ ਵਿੱਚ ਫਸ ਜਾਵਾਂ।
ਸਿਆਣੇ ਆਖਣ ਬੀਤੇ ਨੂੰ ਯਾਦ ਕਰ ਨਾ ਪਛਤਾਵੋ
ਅੱਜ ਹੈ ਤੁਹਾਡੇ ਪੱਲੇ ਕੁੱਝ ਸੋਹਣਾ ਕਰ ਜਾਵੋ।
ਬੰਦਾ ਹਰ ਵਰਤਾਰੇ ਨੂੰ ਸਹੀ/ਗ਼ਲਤ ਦੀ ਕਸਵੱਟੀ ਤੋਲੇ
ਖੁਦਗਰਜ਼ੀ ਦੇ ਚੱਕਰ ਵਿੱਚ ਵਿੱਚ ਫ਼ਸਿਆ ਬੰਦਾ ਕੀ ਬੋਲੇ।
ਗੁਨਾਹਗਾਰ ਹੈ ਬੰਦਾ ਜੋ ਜਜ਼ਬਿਆਂ ਨੂੰ ਸਵਾਰਥ ਸੰਗ ਤੋਲੇ
ਸਮਾਂ ਜਦੋਂ ਗੂੰਗੇ ਕਰੇ ਆਮ ਬੰਦੇ, ਕੋਈ ਸੂਰਮਾ ਜ਼ੁਬਾਨ ਖੋਲੇ।
ਸਮਾਂ ਹਰ ਪਲ ਚਣੌਂਤੀਆਂ ਦੇਵੇ
ਬੰਦੇ ਦੀ ਜ਼ਮੀਰ ਹੈ ਚਾਹੇ ਸੂਰਮਾਂ/ਗੁਨਾਹਗਾਰ ਬਣ ਜਾਵੇ।

## ਅਣਭੋਲ

ਕਬੂਤਰ ਵਾਂਗ ਅੱਖਾਂ ਮੀਚਣੀਆਂ ਠੀਕ ਨਹੀਂ
ਜਾਣਦੇ ਬੁੱਝਦੇ ਅਣਜਾਣ ਬਣਨਾ ਠੀਕ ਨਹੀਂ।
ਜਿੰਨ੍ਹਾ ਸਚਾਈਆਂ ਤੋਂ ਅਸੀਂ ਅੱਖਾਂ ਫੇਰਦੇ ਹਾਂ
ਸਮਾਂ ਪੈਣ ਤੇ ਅੱਖਾਂ ਵਿਖਾਵਣ ਫ਼ਿਰ ਬਹੁਤ ਪਛਤਾਉਂਦੇ ਹਾਂ।
ਜਾਣਦੇ ਬੁਝਦੇ ਅਣਜਾਣ ਬਣਨਾ ਮਕਾਰੀ ਹੈ
ਜ਼ਿੰਮੇਵਾਰੀਆਂ ਤੋਂ ਭਜਣਾ ਗ਼ਦਾਰੀ ਹੈ।
ਬਹੁਤਾ ਚਲਾਕ ਬੰਦਾ ਵੀ ਹੰਕਾਰੀ ਹੁੰਦਾ ਹੈ
ਅਣਭੋਲ ਬੱਚਿਆਂ ਵਾਂਗ ਰਹਿਣ 'ਚ ਸਮਝਦਾਰੀ ਹੈ।
ਦੰਭੀ, ਪਖੰਡੀ ਭੋਲੇਪਣ ਦਾ ਨਜਾਇਜ਼ ਫਾਇਦਾ ਉਠਾਉਣ
ਭੋਲਿਆਂ ਨੂੰ ਨੁਕਰੇ ਲਾ ਆਪਣੀ ਅਸਲੀਅਤ ਵਿਖਾਉਣ।
ਦਾਤੇ ਘਰ ਦੇਰ ਹੁੰਦੀ ਅੰਧੇਰ ਨਹੀਂ
ਦੰਭੀਆਂ ਪਖੰਡੀਆਂ ਪੱਲੇ ਕਦੇ ਸਕੂਨ ਨਹੀਂ।
ਸਰਬੱਤ ਦਾ ਭਲਾ ਜੋ ਲੋਚਦੇ ਨੇ
ਅਣਭੋਲ ਬੰਦੇ ਹੀ ਰਹਿਮਤਾਂ ਪਾਉਂਦੇ ਨੇ।

# ਵਿਦਾਈ

ਕਿਸੇ ਸ਼ਖ਼ਸ ਦੇ ਤੁਰ ਜਾਣ ਨਾਲ ਕਦੇ ਦੁਨੀਆਂ ਨਾ ਰੁਕੇ
ਇਹ ਯੁਗਾਂ ਤੋਂ ਚਲਦੀ ਆਈ ਹੈ ਕਦੇ ਨਾ ਰੁਕੇ।
ਇਕ ਸ਼ਖ਼ਸ ਦੇ ਜਾਣ ਨਾਲ ਇਕ ਆਧਿਆਏ ਦਾ ਅੰਤ ਹੋਵੇ
ਜਿਵੇਂ ਵਹਿੰਦਾ ਪਾਣੀ ਮੁੜ ਵਾਪਿਸ ਨਾ ਆਵੇ।
ਸਮਾਂ ਹੈ ਅੱਜ ਦੀ ਦੌਲਤ ਇਸ ਨੂੰ ਸੂਝ ਨਾਲ ਵਰਤੋ ਦੋਸਤੋ
ਬੀਤੇ ਨੂੰ ਚੇਤੇ ਕਰ ਨਾ ਝੂਰੋ ਕਲ੍ਹ ਦੀ ਨਾ ਚਿੰਤਾ ਕਰੋ ਦੋਸਤੋ।
ਜਿਊਣਾ ਸਾਰਥਿਕ ਕਰੋ, ਅਮੁੱਲ ਖਜ਼ਾਨਾ ਨਾ ਐਵੇਂ ਗੁਆਵੋ
ਜ਼ਹਾਲਤ ਦਾ ਅੰਧਕਾਰ ਫੈਲਿਆ, ਆਪਾ ਰੌਸ਼ਣਾਅ ਚਾਨਣ ਫੈਲਾਵੋ।
ਦਾਤੇ ਦੀ ਪਾਕ ਸਿਰਜਣਾ ਅਸਾਂ ਖ਼ੁਦਗਰਜ਼ਾਂ ਦੂਸ਼ਿਤ ਕੀਤੀ।
ਆਓ ਰਲ ਸੁਧਾਰੀਏ ਜੋ ਆਤਮਘਾਤੀ ਗੁਸਤਾਖ਼ੀ ਕੀਤੀ।
ਜੀਵਨ ਨੂੰ ਜੋ ਮਾਨਵ ਕਲਿਆਣ ਲੇਖੇ ਲਾਵੇ
ਵਿਧਾਈ ਵੇਲੇ ਨਾ ਰਤਾ ਪਛਤਾਵੇ।

# ਮੈਦਾਨ ਤੇ ਪਹਾੜ

ਕਿਸੇ ਵੀ ਜਗ੍ਹਾ ਤੇ ਲੰਬਾ ਸਮਾਂ ਗੁਜ਼ਾਰ ਵੇਖੋ
ਮਨ ਉਬ ਜਾਵੇਗਾ ਜੀਵਨ ਬਦਲਾਵ ਦੀ ਰਾਹ ਵੇਖੇ।
ਜ਼ਿਆਦਾ ਸਮਾਂ ਮੈਦਾਨਾਂ ਵਿੱਚ ਰਹਾਂ ਤਾਂ ਪਹਾੜਾਂ ਦੀ ਰਾਹ ਵੇਖਾਂ
ਪਹਾੜੀ ਦ੍ਰਿਸ਼ਾਂ ਤੋਂ ਮਨ ਭਰੇ ਤਾਂ ਸ਼ਹਿਰੀ ਹਲਚਲ ਵੱਲ ਵੇਖਾਂ।
ਭਟਕਦਾ ਫਿਰਾਂ, ਕਦੇ ਪਹਾੜਾਂ ਕਦੇ ਮੈਦਾਨਾਂ ਵੱਲ ਵੇਖਾਂ।
ਸਿਆਣੇ ਕਹਿੰਦੇ ਪਾਣੀ ਚਲਦਾ ਰਹੇ ਤਾਂ ਬਦਬੂ ਨਾ ਮਾਰੇ
ਜੀਵਨ ਵੀ ਪ੍ਰਵਾਹ ਹੈ ਖੜੋਤ ਜਿਉਣ ਦਾ ਉਤਸ਼ਾਹ ਮਾਰੇ।
ਰੋਜ਼ੀ ਰੋਟੀ ਦਾ ਚੱਕਰ ਸਭ ਅਰਮਾਨ ਦਬਾਵੇ
ਬੰਦਾ ਰੋਜ਼ੀ ਰੋਟੀ ਦਾ ਗੁਲਾਮ ਜਿਥੇ ਮਿਲੇ ਪੈਰ ਜਮਾਵੇ।
ਵ੍ਹੇਲੜ ਭਟਕਦੇ ਫਿਰਨ ਕਿਤੇ ਟਿਕਾ ਨਾ ਆਵੇ।
ਦਾਤੇ ਦਾ ਸ਼ੁਕਰਗੁਜ਼ਾਰ ਹਾਂ ਮੇਰੇ ਸ਼ੋਕ ਪੁਗਾਵੇ।

# ਸਫ਼ਰ ਜਾਰੀ ਹੈ

ਬੀਤੇ ਵੱਲ ਝਾਤ ਮਾਰਾਂ ਤਾਂ ਅੱਜ ਦੀ ਦੁਨੀਆਂ ਅਚੰਭਾ ਲੱਗੇ
ਸੁਬ੍ਹਾ ਮੋਬਾਈਲ ਦਾ ਅਲਾਰਮ ਵੱਜਣ ਤੇ ਉਠਿਆ ਹਾਂ
ਬਲਦਾਂ ਦੀਆਂ ਘੰਟੀਆਂ ਨਾ ਕਦੇ ਕੁੱਕੜ ਦੀਆਂ ਬਾਂਗਾਂ ਹੁਣ ਸੁਣੀਆਂ।
ਨੀਲੇ ਅੰਬਰ ਥੱਲੇ ਸੌਣਾ ਭੁੱਲਿਆ ਅੱਜ ਪਹੁ ਫੁਟਾਲਾ ਨਾ ਕੋਈ ਜਾਣੇ।
ਸੀਤਲ ਰੁਮਕਦੀ ਹਵਾ ਦੇ ਬੁੱਲੇ ਭੁੱਲੇ
ਛੱਤ ਥੱਲੇ ਸੌਣ ਏ. ਸੀ. ਦੀ ਹਵਾ ਤੇ ਡੁੱਲੇ।
ਮੰਦਰ, ਮਸਜਿਦ, ਗੁਰਦੁਆਰਾ ਜਾਣਾ ਭੁੱਲੇ
ਟੀ. ਵੀ. ਤੇ ਸਭ ਦੇ ਦਰਸ਼ਨ ਦੀਦਾਰ ਹੁੰਦੇ ਖੁੱਲੇ।
ਬੰਦਾ ਸੁੱਖ ਸੁਨੇਹੇ ਲਈ ਨਾ ਚਿੱਠੀਆਂ ਦਾ ਇੰਤਜ਼ਾਰ ਕਰੇ
ਤੁਰੰਤ ਜਿਸ ਨਾਲ਼ ਚਾਹੇ ਗੱਲ ਜਾਂ ਵੀਡੀਓ ਕਾਲ ਕਰੇ।
ਸੁਆਣੀਆਂ ਹੱਥੀਂ ਕੰਮ ਕਰਨੋ ਘਬਰਾਉਣ
ਹਰ ਕੰਮ ਲਈ ਮਸ਼ੀਨ ਦਾ ਬਟਨ ਦਬਾਉਣ।
ਹਰ ਕੋਈ ਫੋਟੋਆਂ ਦਾ ਦੀਵਾਨਾ ਹੋਇਆ ਫਿਰੇ
ਜਿੰਨੀਆਂ ਮਰਜ਼ੀ ਖਿੱਚੋ ਰੀਲ ਦਾ ਭੈ ਖ਼ਤਮ ਹੋਇਆ।
ਅੱਜ ਬੰਦਾ ਮਸ਼ੀਨਾਂ ਦਾ ਗੁਲਾਮ ਹੋਇਆ
ਸਰੀਰ ਨਕਾਰਾ ਹੋਏ, ਬੀਮਾਰੀਆਂ ਨੇ ਘੇਰੇ।
ਦੁਨੀਆਂ ਮੁੱਠੀ ਵਿੱਚ ਕਰਦਾ ਕਰਦਾ
ਬੰਦਾ ਖੁੱਦ ਮੁੱਠੀ ਵਿੱਚ ਕੈਦ ਹੋਇਆ।
ਮੈਂ, ਮੇਰੇ ਤੇ ਸਿਮਟ ਕੇ ਰਹਿ ਗਿਆ
ਵੇਖੋ ਅੱਗੇ ਕੀ ਹੁੰਦਾ ਸਫ਼ਰ ਜਾਰੀ ਹੈ।

## ਭਟਕਣ-2

ਜੀਵਨ ਭਰ ਮਨ ਮੁੱਖ ਬੰਦਾ ਭਟਕਦਾ ਫਿਰੇ
ਇਕ ਇੱਛਾ ਪੂਰੀ ਹੋਵੇ ਤਾਂ ਦੂਸਰੀ 'ਚ ਘਿਰੇ।
ਜ਼ਿੰਦਗੀ ਭਰ ਮਨ ਮੱਤੀਆਂ ਦਾ ਗ਼ੁਲਾਮ
ਦਾਤੇ ਦਾ ਸ਼ੁਕਰਾਨਾਂ ਨਾ ਕਰੇ ਭਜਿਆ ਫਿਰੇ ਬੇਲਗਾਮ।
ਸੁਖ ਸੁਵਿਧਾਵਾਂ  ਇਸ ਨੂੰ ਰਾਸ ਨਾ ਆਵਣ
ਇੱਛਾਵਾਂ ਜਦ ਮਨ ਤੇ ਸਵਾਰ ਹੋ ਜਾਵਣ।
ਮਾਇਆ ਜਾਲ 'ਚ ਫਸ ਬੰਦਾ ਜਿੰਦ ਅਜ਼ਾਬ ਬਣਾਵੇ
ਇੱਧਰ ਉੱਧਰ ਭਟਕਣ ਫਿਰੇ ਕਿੱਧਰੇ ਚੈਨ ਨਾ ਪਾਵੇ।
ਸੰਗੀ ਸਾਥੀ ਸਬ ਸੁੱਖ ਦੇ ਵਣਜਾਰੇ
ਭੀੜ ਪੈਣ ਤੇ ਕਰਨ ਕਿਨਾਰੇ।
ਭਟਕਣ ਤੋਂ ਜੇ ਬਚਣਾ ਲੋਚੋ
ਇਛਾਵਾਂ ਤੇ ਲਗਾਮ ਲਗਾਉਣ ਦੀ ਸੋਚੋ।

# ਫੁੱਲਾਂ ਦੇ ਬੂਟੇ ਅਤੇ ਕਵਿਤਾ

ਮਨ ਦੇ ਖਿਆਲਾਂ ਨੂੰ ਸੰਭਾਲਣ ਲਈ ਮੈਂ ਕਾਗ਼ਜ਼ ਤੇ ਪੈਨ ਚੁੱਕਣ ਲਈ ਉਠਿਆ ਹੀ ਸਾਂ।
ਗਮਲਿਆਂ ਵਿੱਚ ਲੱਗੇ ਨਵੇਂ ਬੂਟਿਆਂ ਵੱਲ ਨਿਗਾਹ ਪਈ।
ਇਹਨਾਂ ਦੀ ਗੋਡੀ ਕਰਨੀ ਬਣਦੀ ਹੈ।
ਪੈਨ ਤੇ ਕਾਗਜ਼ ਦਾ ਵਿਚਾਰ ਛੱਡ
ਰੰਬੀ ਫੜ ਗੋਡੀ ਕਰਨ ਰੁੱਝ ਜਾਂਦਾ ਹਾਂ।
ਕਾਦਰ ਦੀ ਕੁਦਰਤ ਦੇ ਨੁਮਾਇੰਦੇ ਮੇਰੀ ਕਵਿਤਾ ਨਾਲੋਂ ਕਈ ਗੁਣਾਂ ਖ਼ੁਸ਼ੀਆਂ ਖੇੜੇ ਵੰਡਣਗੇ।
ਮੇਰੇ ਕਵਿਤਾ ਵਿਚੋਂ ਤਾਂ ਕਈ ਕੁੱਝ ਲੱਭੇਗਾ ਦੁਨੀਆਦਾਰੀ ਦਾ ਨਿਕਸੁਕ,
ਪਰ ਇਹ ਫੁੱਲਦਾਰ  ਬੂਟੇ ਦੇਣਗੇ ਨਿਰਛਲ ਖ਼ੁਸ਼ੀਆਂ ਖੇੜੇ ਤੇ ਮਹਿਕਾਂ
ਮੇਰੀ ਹਕੀਰ ਕਵਿਤਾ ਨਹੀਂ ਹੋ ਸਕਦੀ ਇਹਨਾਂ ਦਾ ਬਦਲ।

# ਅੱਜ ਦੀ ਗੱਲ

ਹਰ ਕੋਈ ਅਧੁਨਿਕਤਾ ਦਾ ਦਿਵਾਨਾ ਹੁੰਦਾ
ਮਨੁੱਖਤਾ ਦਾ ਸਫਰ ਇਸ ਦੀ ਗਵਾਹੀ ਹੈ।
ਮਨੁੱਖ ਕਿਉਂ ਆਪਣੇ ਪੂਰਵਜ਼ਾਂ ਨੂੰ ਪੂਜੇ।
ਅੱਜ ਦੀ ਉਸਾਰੀ ਬੀਤੇ ਦੀ ਨੀਂਹ ਤੇ ਕੀਤੀ ਜਾਵੇ।
ਨਵੀਂ ਪੀੜ੍ਹੀ ਆਪਣੀ ਜਾਤ ਤੱਕ ਹੋਈ ਸੀਮਿਤ
ਵਿਰਸੇ ਨੂੰ ਕਦੇ ਨਾ ਭੁਲਾਵੋ ਬੁਲੰਦੀਆਂ ਨੂੰ ਜੋ ਛੂਹਣਾ ਲੋਚੇ।
ਰੇਤ ਦੇ ਮਹਿਲ ਵਾਂਗ ਬਿਖਰਣ
ਆਪਣੇ ਵਿਰਸੇ ਨੂੰ ਜੋ ਵਿਸਾਰਦੇ ਨੇ।
ਜੀਵਨ ਤਾਂ ਰੀਲੇਅ ਦੌੜ ਵਾਂਗ ਹੁੰਦਾ
ਹਰ ਦੌੜਾਕ ਸਮਰੱਥਾ ਅਨੁਸਾਰ ਜ਼ੋਰ ਲਗਾਵੇ ਬੈਟਨ ਅੱਗੇ ਫੜਾਵੇ।
ਸਾਡੀ ਹੋਂਦ ਅਸੰਭਵ ਸੀ ਜੇ ਪੂਰਵਜ ਨਾ ਹੁੰਦੇ
ਵਿਰਸਾ ਕਦੇ ਨੰ ਨਾ ਭੁਲਾਵੋ ਬੁਲੰਦੀਆਂ ਨੂੰ ਜੇ ਛੂਹਣਾ ਚਾਹੋ।

## ਬੰਦਾ/ਸ਼ਿਕਾਰੀ

ਅੱਜ ਦੇ ਯੁੱਗ ਤਕ ਪਹੁੰਚਣ ਲਈ ਬੰਦੇ ਦਾ ਸਫ਼ਰ ਬਹੁਤ ਲੰਮੇਰਾ ਏ
ਹਰ ਸਮੇਂ ਨੇ ਉਸ ਤੇ ਵੱਖਰੀ ਛਾਪ ਛੱਡੀ ਏ।
ਸ਼ੁਰੂ ਵਿੱਚ ਬੰਦਾ ਸਿੱਧਾ ਸਾਦਾ ਸ਼ਿਕਾਰੀ ਸੀ
ਲੋੜਾਂ ਦੀ ਸੂਚੀ ਵੀ ਨਾ ਲੰਬੀ ਚੌੜੀ ਸੀ।
ਵਿਕਾਸ ਦੇ ਨਾਂ ਤੇ ਉਸ ਦੀਆਂ ਲੋੜਾਂ ਵਧੀਆਂ
ਇੰਨ੍ਹਾਂ ਦੀ ਪੂਰਤੀ ਲਈ ਉਸ ਦੀਆਂ ਮੁਸ਼ਕਲਾਂ ਵਧੀਆਂ।
ਪੱਥਰ ਦੇ ਹੱਥਿਆਰਾਂ, ਤੀਰ ਕਮਾਨ ਜਾਂ ਬੰਦੂਕਾਂ ਦੀ ਨਾ ਵਰਤੋਂ ਕਰੇ
ਸ਼ਿਕਾਰ ਲਈ ਬੰਦਾ ਹੁਣ ਅਧੁਨਿਕ ਹਥਿਆਰਾਂ ਦੀ ਵਰਤੋਂ ਕਰੇ।
ਵਿਕਸਿਤ ਬੰਦਾ ਆਪਣੇ ਪੂਰਵਜਾਂ ਤੋਂ ਬਿਲਕੁਲ ਵੱਖਰੇ ਢੰਗ ਅਪਣਾਵੇ।
ਬੰਦੇ ਦੀਆਂ ਕਮਜ਼ੋਰੀਆਂ ਤੇ ਵਾਰ ਕਰ ਆਪਣੀ ਰੋਜ਼ੀ ਕਮਾਵੇ।
ਕਦਰਾਂ ਕੀਮਤਾਂ ਦੀ ਥਾਂ ਮੌਕਾ ਪ੍ਰਸਤੀ, ਸਵਾਰਥ ਭਾਰੂ ਹੋਏ
ਸ਼ਿਕਾਰੀ ਕਾਮ, ਕ੍ਰੋਧ, ਲੋਭ, ਮੋਹ ਹੰਕਾਰ ਦੇ ਜਾਲ਼ ਵਿਛਾਏ।
ਇਨਸਾਨ ਹੁਣ ਇਨਸਾਨ ਨਹੀਂ ਬਹੁਤ ਵੱਡਾ ਕਲਾਕਾਰ ਬਣ ਗਿਆ
ਆਪਣੀ ਕਲਾਕਾਰੀ ਦੇ ਜਾਲ ਵਿੱਚ ਖੁੱਦ ਉਲਝ ਗਿਆ।
ਆਧੁਨਿਕਤਾ ਦੀ ਅੰਨ੍ਹੀ ਦੌੜ ਵਿਚ ਇਨਸਾਨੀਅਤ ਗੁਆ ਬੈਠਾ
ਡਾਢਾ ਪ੍ਰੇਸ਼ਾਨ ਹੈ ਕਿਸ ਮਾਇਆ ਜਾਲ ਵਿੱਚ ਧੌਣ ਫਸਾ ਬੈਠਾ।

# ਖ਼ੁਸ਼ੀਆਂ

ਜੀਵਨ ਦੀ ਸਚਾਈ ਹੈ ਬੱਚਾ ਬੁੱਢਾ ਇਕ ਸਮਾਣ
ਪਲ ਵਿੱਚ ਰੁੱਸਣ ਪਲ ਵਿੱਚ ਮੰਨ ਜਾਣ।
ਰੱਬ ਦੀ ਰਹਿਮਤ ਹੈ ਮੈਨੂੰ ਛੋਟੀਆਂ ਗੱਲਾਂ ਖ਼ੁਸ਼ੀਆਂ ਦੇਣ
ਪਰ ਦੁੱਖੀ ਹਾਂ ਕਈ ਨਿਗੂਣੇ ਵਰਤਾਰੇ ਪ੍ਰੇਸ਼ਾਨ ਕਰ ਦੇਣ।
ਆਪਣੀ ਸਮਝ ਅਨੁਸਾਰ ਚਲੋ, ਚਲਣ ਦੀ ਆਜ਼ਾਦੀ ਹੈ
ਪਰ ਇਹ ਵੀ ਯਾਦ ਰੱਖੋ ਕਿ ਦੁਨੀਆਂ ਗੋਲ ਹੈ।
ਦੁਨੀਆਂ ਦਾ ਜੋ ਅੱਜ ਸਰੂਪ ਹੈ
ਇਸ ਨੂੰ ਘੜਣ ਵਿੱਚ ਸਭ ਹੀ ਭਾਈਵਾਲ ਹਾਂ।
ਦਾਤੇ ਦੇ ਨਿਯਮ ਨੇ ਸਰਵ ਵਿਆਪਕ ਹਰ ਜੀਵ ਉਹਨਾਂ ਤੇ ਚਲੇ
ਮਨੁੱਖ ਹੀ ਆਪਣੇ ਸਵਾਰਥ ਮੁਤਾਬਕ ਚਲੇ।
ਮਨੁੱਖ ਆਪਣੀ ਕਰਨੀ ਦਾ ਫ਼ਲ ਪਾਉਂਦੇ
ਦਾਤਾ ਸਭ ਦਾ ਪਾਲਕ ਦੋਸ਼ੀ ਉਹਨੂੰ ਬਣਾਉਂਦੇ।

## ਪੌਣ ਦੀ ਵਿਥਿਆ

ਹਵਾ ਦੇ ਚੱਲਣ ਤੇ ਅਕਸਰ ਲੋਕ ਟਿੱਪਣੀਆਂ ਕਰਨ
ਅੱਜ ਲੁ ਚੱਲੇ, ਅੱਜ ਠੰਢੀ ਸੀਤ, ਅੱਜ ਪੱਤਾ ਵੀ ਨਹੀਂ
ਹਿੱਲਦਾ, ਅੱਜ ਖੁਸ਼ਗਵਾਰ ਹਵਾ ਦੇ ਬੁੱਲੇ ਚੱਲਣ।
ਪਰ ਕਦੇ ਨਾ ਵਿਚਾਰੀਏ ਹਵਾ ਕੀ ਕੁੱਝ ਸਮੋਈ ਬੈਠੀ
ਅਸੰਖ ਜੀਵਾਂ ਦੀਆਂ ਆਹਾਂ, ਦੁਆਵਾਂ, ਸ਼ੁਕਰਾਣੇ।
ਕਿਸੇ ਨੇ ਬਿਆਨ ਕੀਤਾ ਸਿੱਲੀ ਸਿੱਲੀ ਜਦੋਂ ਚਲਦੀ ਹਵਾ
ਕਿਤੇ ਕੋਈ ਰੋਂਦਾ ਹੋਵੇਗਾ।
ਆਪਣੀ ਬੁੱਕਲ ਵਿੱਚ ਸਾਂਭੇ ਕਈ ਸੁਗੰਧਾਂ ਕਈ ਦੁਰਗੰਧਾਂ
ਜੀਵਨ ਦਾਤੀ ਪੌਣ ਚੱਲਦੀ ਰਹੇ ਅਸੰਖ ਜੀਵਾਂ ਦੇ ਅਹਿਸਾਸ ਸਮੋਈ।
ਕਾਸ਼ ਸਾਨੂੰ ਵੀ ਪੌਣ ਵਾਂਗ ਵਹਿਣਾ ਆ ਜਾਵੇ
ਦਾਤੇ ਦੀ ਰਜ਼ਾ ਵਿੱਚ ਰਹਿਣਾ ਆ ਜਾਵੇ।

# ਦਾਤੇ ਦਾ ਸ਼ੁਕਰੀਆ

ਮੈਂ ਨਾ ਸ਼ੁਕਰਾ ਸਾਰ ਨਾ ਜਾਣਾ ਤੇਰੀਆਂ ਰਹਿਮਤਾਂ ਦੀ
ਨਿੱਤ ਦੇਵੇਂ ਅਨੰਤ ਦਾਤਾਂ, ਮੈਂ ਭੋਗਦਾ ਥੱਕ ਜਾਵਾਂ।
ਤੇਰੇ ਘਰ ਨਾ ਘਾਟਾਂ ਕੋਈ
ਮੇਰੀ ਸਮਝੋਂ ਬਾਹਰ ਤੇਰੀ ਖ਼ੁਦਾਈ।
ਮੈਂ ਲਾਲਚੀ, ਖ਼ੁਦਗਰਜ਼ ਆਪਣੇ ਪਰਿਵਾਰ ਬਾਰੇ ਹੀ ਸੋਚਾਂ
ਤੇਰਾ ਪਰਿਵਾਰ ਬ੍ਰਹਿਮੰਡ ਹੈ ਕਦੇ ਨਾ ਸੋਚਾਂ।
ਮੈਂ ਨਾਸਮਝ, ਤੁੱਛ ਬੁੱਧ ਕਿਵੇਂ ਤੇਰਾ ਸ਼ੁਕਰ ਮਨਾਵਾਂ
ਦਿਨ ਚੜ੍ਹਦੇ ਹੀ ਦੁਨਿਆਵੀ ਚੱਕਰਾਂ ਵਿੱਚ ਫਸ ਜਾਵਾਂ।
ਤੇਰੇ ਭੇਤ ਨੇ ਗੁੱਝੇ ਮੈਂ ਨਿਰਗੁਣ ਕੀ ਜਾਣਾ
ਦਾਤੇ ਦੇ ਜੀਵਾਂ ਦੀ ਸੇਵ ਕਰੋ ਜੇ ਜੀਵਨ ਸਫਲ ਬਣਾਉਣਾ

# ਕੁਦਰਤ ਦੇ ਨਿਯਮ

ਬੰਦਾ ਸਵਾਰਥੀ ਹਰ ਵਰਤਾਰੇ ਵਿਚੋਂ ਨਫ਼ੇ ਦੀ ਸੋਚੇ
ਹਰ ਵੇਲੇ ਮਨ ਆਈਆਂ ਕਰੇ ਲੋਕਾਈ ਤੋਂ ਭਲਾ ਲੋਚੇ।
ਦੁਨੀਆਂ ਅੰਦਰ ਜੋ ਕੂੜ ਪਸਾਰਾ ਹੋਇਆ ਦਾਤੇ ਲੇਖੇ ਲਾਵੇ
ਦਾਤਾ ਨਿਰਛਲ ਕਾਇਨਾਤ ਸਿਰਜੇ ਮਨੁੱਖ ਹੀ ਲਾਂਬੂ ਲਾਵੇ।
ਧਰਮਾਂ, ਜਾਤਾਂ, ਨਸਲਾਂ......ਖਿਤਿਆਂ ਦੀਆਂ ਵੰਡੀਆਂ ਪਾ
ਧਰਤੀ ਤੇ ਜੀਵਨ ਅਜ਼ਾਬ ਬਣਾਵੇ।
ਮਨੁੱਖ ਨਾ ਦਾਤੇ ਦਾ ਬਰਖ਼ੁਰਦਾਰ ਬਣੇ
ਕੰਡੇ ਬੀਜੇ ਫ਼ੁੱਲਾਂ ਦੀ ਆਸ ਕਰੇ
ਜੀਵ ਦੀ ਖ਼ੁਸ਼ਹਾਲੀ ਲਈ ਦਾਤਾ ਸਿਰਜੇ ਅਨੰਤ ਜੀਵ-ਜੰਤੂ, ਬਨਸਪਤੀ।
ਪੰਜ ਵਿਕਾਰਾਂ ਦੇ ਵੱਸ ਪੈ ਬੰਦਾ ਧਰਤੀ ਨਰਕ ਬਣਾਵੇ।
ਕੁਦਰਤ ਦੇ ਨਿਯਮ ਸਿੱਧੇ ਸਾਦੇ
ਜਿਹਾ ਬੀਜੋਗੇ ਸੋ ਹੀ ਵੱਡੋਗੇ।

## ਲੇਖਾ ਜੋਖਾ

ਜ਼ਿੰਦਗੀ ਵਿੱਚ ਨਫ਼ੇ ਨੁਕਸਾਨ ਦਾ ਲੇਖਾ ਜੋਖਾ ਕਰਦਾ ਬੰਦਾ ਉਮਰ ਲੰਘਾਵੇ
ਚਾਰ ਛਿੱਲੜਾਂ ਦੇ ਇੱਧਰ ਉੱਧਰ ਹੋਣ ਤੇ ਕਦੇ ਖ਼ੁਸ਼ੀਆਂ ਕਦੇ ਸੋਗ ਮਨਾਵੇ।
ਕੁਦਰਤ ਕਦੇ ਨਾ ਕਾਹਲ ਵਿੱਚ ਬੰਦੇ ਦੀ ਹਰ ਹਰਕਤ ਦਾ ਜਵਾਬ ਦੇਵੇ
ਬੰਦੇ ਨੂੰ ਭੁੱਲਾਂ ਬਖਸ਼ਾਉਣ ਦੇ ਅਨੇਕਾਂ ਮੌਕੇ ਦੇਵੇ।
ਪਰ ਜੇ ਬੰਦਾ ਹੰਕਾਰੀ ਹੋ ਸਭ ਹੱਦਾਂ ਟੱਪ ਜਾਵੇ
ਫਿਰ ਕੁਦਰਤ ਆਪਣਾ ਰੰਗ ਵਿਖਾਵੇ।
ਕੁਦਰਤ ਨਾ ਕੋਈ ਵਹੀ ਖਾਤੇ ਲਾਵੇ
ਉਸ ਦਾ ਹਿਸਾਬ ਸਿੱਧਾ ਹਰ ਜੀਵ ਖਾਲੀ ਹੱਥ ਆਵੇ, ਖਾਲੀ ਹੱਥ ਜਾਵੇ।

# ਹਿਸਾਬ

ਮੈਂ ਸੇਵਾ ਕਾਲ ਦੌਰਾਨ ਵੱਖ ਵੱਖ ਅਹੁਦਿਆਂ ਤੇ ਕੰਮ ਕੀਤਾ
ਪਰ ਮੂਲ ਰੂਪ ਵਿੱਚ ਹਿਸਾਬ ਮਾਸਟਰ ਹੀ ਰਿਹਾ ਹਾਂ।
ਮੇਰੇ ਦੋਸਤ ਅਕਸਰ ਗਿਲਾ ਕਰਨ
ਮੈਂ ਹਿਸਾਬ ਸਾਫ਼ ਰੱਖਣਾ ਚੰਗਾ ਸਮਝਾਂ।
ਦੋਸਤੋ ਮੈਂ ਵੀ ਦੋਸਤਾਂ ਨਾਲ ਮਿਲਣ ਵਰਤਣ ਵੇਲੇ ਬਹੁਤੇ ਲੇਖੇ ਜੋਖੇ ਨਾ ਕਰਾਂ
ਦੋਸਤਾਂ ਕੋਲੋਂ ਲਾਲਚ ਵੱਸ ਫਾਇਦਾ ਚੁੱਕਣ ਤੋਂ ਡਰਾਂ।
ਲੋਕ ਕਹਾਵਤ ਹੈ ਮੂੰਹ ਖਾਵੇ ਅੱਖਾਂ ਸ਼ਰਮਾਵਣ
ਇਹ ਵੀ ਸੱਚ ਹੈ ਮੁਸੀਬਤ ਵੇਲੇ ਮਿੱਤਰ ਹੀ ਕੰਮ ਆਵਣ।
ਦੋਸਤੀ ਦੇ ਪਦ, ਰੁਤਬੇ, ਦੌਲਤ ਦਾ ਫਾਇਦਾ ਉਠਾਉਣਾ
ਸੰਪੰਨ ਹੋਣ ਤੇ ਦੋਸਤ ਨੂੰ ਅਹਿਸਾਨਾਂ ਥੱਲੇ ਦਬਾਉਣਾ।
ਅਜੇਹੇ ਦੋਸਤਾਂ ਤੋਂ ਮੈਂ ਕਿਨਾਰਾ ਕਰਾਂ
ਦੋਸਤ ਘੱਟ ਤੇ ਅਜਿਹੇ ਮਨੁੱਖ ਸੌਦੇਬਾਜ਼ ਹੁੰਦੇ।
ਹਿਸਾਬ ਮਾਸਟਰ ਰਿਹਾ ਹਾਂ ਹਿਸਾਬ ਸਿੱਧਾ ਰੱਖਣਾ ਠੀਕ ਸਮਝਾਂ।
ਦਾਤੇ ਤੋਂ ਬੇਹਿਸਾਬ ਮੰਗਾਂ ਉਸ ਨੂੰ ਆਪਣਾ ਰਹਿਬਰ ਸਮਝਾਂ।

# ਰੱਬ ਦੀ ਰਜ਼ਾ

ਆਦਮ ਜ਼ਾਤ ਸਵਾਰਥ ਦੀ ਗੰਢੜੀ
ਅਰਦਾਸਾਂ ਬਹਾਨੇ ਨਿੱਤ ਲੱਖਾਂ ਦਾਤਾਂ ਮੰਗੇ।
ਦਾਤਾ ਸਰਭ ਗਿਆਨ ਦਾ ਗਿਆਤਾ
ਬਿਨਾਂ ਮੰਗਿਆਂ ਦੇਵੇ ਜੋ ਲੋੜੀਂਦਾ ਹੋਵੇ।
ਕਈ ਹੱਠੀ ਜਿਦ ਕਰ ਮੰਗਾਂ ਮਨਵਾਉਣ
ਸਮਾਂ ਪੈਣ ਤੇ ਸਮਝਣ ਜਦ ਨਿਹਫਲ ਸਭ ਕੁੱਝ ਜਾਵੇ।
ਪੰਜ ਦੂਤਾਂ ਦੇ ਵੱਸ ਪਿਆ ਬੰਦਾ ਮਾਇਆ ਪਿੱਛੇ ਨੱਸੇ
ਧਰਤੀ ਤੇ ਜੀਵਨ ਨਰਕ ਬਣਾਵੇ ਖ਼ੁੱਦ ਵੀ ਧੱਕੇ ਖਾਵੇ।
ਦਾਤੇ ਦੀ ਰਜ਼ਾ ਵਿੱਚ ਜੇ ਰਹਿਣਾ ਆ ਜਾਵੇ
ਧਰਤੀ ਤੇ ਹੀ ਸਵਰਗ ਬਣ ਜਾਵੇ।

## ਸਵਰਗ ਦੀ ਝਲਕ

ਮੈਂ ਅਕਸਰ ਵੇਖਦਾ ਹਾਂ ਜਨਤਾ ਸਵਰਗ ਦੀ ਭਾਲ ਕਰਦੀ
ਦਿਨ ਰਾਤ ਕਰਮ ਕਾਂਡਾਂ, ਪੂਜਾ ਪੱਧਤੀਆਂ ਵਿੱਚ ਗ੍ਰਸਤ ਹੈ।
ਭਵਿੱਖ ਲਈ ਸਵਰਗ ਦੇ ਸੁਪਨੇ ਲੈਂਦੇ
ਵਰਤਮਾਨ ਨੂੰ ਅੱਖੋਂ ਪਰੋਖੇ ਕਰਦੇ ਜਿਊਣਾ ਹਰਾਮ ਕਰਦੇ ਨੇ।
ਹਉਮੇ ਨੂੰ ਵਿਸਾਰ ਮਾਨਵਤਾ ਦੀ ਗੱਲ ਕਰੋ
ਭਵਿੱਖ ਦੀ ਚਿੰਤਾ ਛੱਡ ਵਰਤਮਾਨ ਦੀ ਸਾਰ ਲਵੋ।
ਇਨਸਾਨ ਇਨਸਾਨੀਅਤ ਨੂੰ ਪਹਿਲ ਦਿਓ
ਦਾਤਾ ਮੇਹਰ ਕਰੇਗਾ ਉਸ ਦੀ ਖ਼ਲਕਤ ਦੀ ਕਦਰ ਕਰੋ।
ਸਵਰਗ ਦੀ ਝਲਕ ਮਿਲੇਗੀ ਇਥੇ ਹੀ
ਨਾ ਭਟਕੋ ਸਵਰਗ ਦੀ ਭਾਲ ਵਿੱਚ ਸ਼ੁਭ ਕਰਮ ਕਰੋ।

# ਨਵਾਂ /ਪੁਰਾਣਾ

ਜੀਵਨ ਇਕ ਪਰਿਵਾਹ ਹੈ, ਨਿਰੰਤਰ ਚਲਦਾ ਰਹੇ
ਮੁਸਾਫ਼ਿਰ ਆਉਂਦੇ ਜਾਂਦੇ ਰਹਿਣ।
ਨਵੇਂ ਮੁਸਾਫ਼ਿਰ ਪੁਰਾਣਿਆਂ ਨੂੰ ਘੂਰਣ ਥਾਂ ਮੱਲੀ ਬੈਠੇ ਬੇਸੁਰੇ ਜਿਹੇ
ਜ਼ਿੰਦਗੀ ਦੇ ਪ੍ਰਵਾਹ ਨੂੰ ਮਨੋਂ ਵਿਸਾਰ ਆਪਣੀ ਹੋਂਦ ਨੂੰ ਸਦੀਵੀ ਜਾਨਣ।
ਭੋਲੇ ਮਨੁੱਖ ਭੁੱਲ ਜਾਵਣ ਹਰ ਸ਼ੈਅ ਨੇ ਇਕ ਦਿਨ ਪੁਰਾਣੀ ਹੋਣਾ
ਹੁਸਨ, ਜਵਾਨੀ, ਮਾਪੇ ਸਦਾ ਨਹੀਂ ਰਹਿਣੇ
ਸਮੇਂ ਨਾਲ ਸਭ ਤੁਰ ਜਾਣਾ ਹੈ।
ਨਵਾਂ ਹਮੇਸ਼ਾ ਪੁਰਾਣੇ ਵਿਚੋਂ ਜਨਮੇਂ
ਹਉਮੇਂ ਵਿੱਚ ਮਨੋਂ ਵਿਸਾਰੇ ਲੋਕਾਈ।

# ਪੋਤੇ ਨਾਲ ਫੋਟੋ

ਪੋਤੇ ਨਾਲ ਫੋਟੋ ਖਿਚਵਾਉਣਾ ਚੰਗਾ ਲਗਦਾ ਹੈ।
ਸ਼ਾਇਦ ਅੱਲੜ ਉਮਰ ਪੋਤਰੇ ਦੀ ਹੁਣ ਪਸੰਦ ਬਦਲ ਗਈ ਹੈ।
ਕਈਵਾਰ ਕੰਨੀ ਕਤਰਾ ਜਾਂਦਾ ਹੈ।
ਮੈਂ ਆਪਣੇ ਅਧੂਰੇ ਸੁਪਨੇ ਪੁੱਤਰ ਅਤੇ ਪੋਤਰੇ ਰਾਹੀਂ ਪ੍ਰਵਾਨ
ਚੜ੍ਹਾਉਣੇ ਲੋਚਦਾ ਹਾਂ।
ਪਰ ਕਈਵਾਰ ਮੇਰੀ ਸਵਾਰਥੀ ਸੋਚ ਨੂੰ ਬੂਰ ਨਹੀਂ ਪੈਂਦਾ।
ਉਮਰ ਦੇ ਤਜ਼ਰਬੇ ਨਾਲ ਮੈਂ ਸਮਝ ਗਿਆ ਹਾਂ
ਨਵੀਂ ਪੀੜ੍ਹੀ ਨੂੰ ਪੂਰਾ ਅਧਿਕਾਰ ਹੈ ਸਮੇਂ ਅਤੇ ਸਮਝ ਨਾਲ ਚਲਣ ਦਾ
ਦੁਨੀਆਂ ਹਰ ਪਲ ਬਦਲ ਰਹੀ ਹੈ
ਬਦਲਾਵ ਹੀ ਜ਼ਿਦਗੀ ਹੈ।
ਪਰ ਇਹ ਜੀਵਨ ਹੋਰ ਸਾਰਥਿਕ ਹੋ ਜਾਂਦਾ
ਜੇਕਰ ਵਿਰਸੇ ਨਾਲ ਜੁੜਿਆ ਰਹੇ।

# ਜੀਵਨ ਵੰਨ ਸੁਵੰਨੇ

ਦਾਤੇ ਜੋ ਕੁੱਝ ਸਿਰਜਿਆ ਸਭੀ ਠੀਕ ਹੈ
ਸਾਡੀ ਤੁੱਛ ਬੁੱਧੀ ਨਾ ਸਮਝੇ ਅਕਲ ਦੇ ਘੋੜੇ ਦੁੜਾਵੇ।
ਦੌੜਦਾ ਦੌੜਦਾ ਹੰਭਿਆ ਜੀਵ ਦਾਤੇ ਦੀ ਸ਼ਰਨੀ ਆਵੇ
ਹਰ ਜੀਵ ਆਪਣੇ ਕਰਮਾਂ ਦਾ ਫ਼ਲ ਪਾਵੇ।
ਲੱਖ ਯਤਨ ਕਰੋ ਗੰਦੀ ਨਾਲੀ ਦੇ ਕੀੜੇ ਨੂੰ ਕੱਢ ਚੰਗੀ ਥਾਂ ਬਿਠਾਵੋ
ਮੁੜ ਉਥੇ ਜਾਵੇਗਾ, ਤੁਹਾਨੂੰ ਦੁਸ਼ਮਣ ਜਾਣੇਗਾ।
ਆਪਣੀ ਜਾਤ ਨੂੰ ਸੁਧਾਰੋ ਨਾ ਦੁਸ਼ਕਰਮ ਕਮਾਵੋ
ਹਰ ਜੀਵ ਦੇ ਲੇਖ ਵੱਖਰੇ, ਆਪਣੇ ਕਰਮਾਂ ਦਾ ਫਲ ਪਾਉਣ ਦਿਓ।
ਦਾਤੇ ਦੀ ਸਾਰ ਨਾ ਅਸੀਂ ਜਾਣੀਏ,
ਬਹੁਤੇ ਸਿਆਣੇ ਬਣ ਐਂਵੇ ਨਾ ਜੀਵਨ ਵਿਅਰਥ ਗਵਾਈਏ।
ਚੰਗੇ ਮਾੜੇ ਅਸੀਂ ਗਰਦਾਣਦੇ
ਅਵਿਲ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ।
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।

# ਮੈਂ ਤੇ ਬ੍ਰਹਿਮੰਡ

ਮੈਂ ਮੈਂ ਦੀ ਰੋਜ਼ ਰੱਟ ਲਗਾਵਾਂ
ਅੱਜ ਥੋੜਾ ਇਕ ਓਅੰਕਾਰ ਵੱਲ ਧਿਆਨ ਲਗਾਇਆ।
ਬ੍ਰਹਿਮੰਡ ਵਿੱਚ ਮੇਰੀ ਹੋਂਦ ਕੀ ਹੈ, ਰਾਜ਼ ਸਮਝ ਆਇਆ।
ਮੇਰੇ ਇਕੱਠੇ ਕੀਤੇ ਨਿਕਸੁੱਕ ਦੀ ਹੋਂਦ ਨਾ ਕੋਈ
ਬ੍ਰਹਿਮੰਡ ਦੀ ਵਿਸ਼ਾਲਤਾ ਨੇ ਭੇਦ ਸਮਝਾਇਆ।
ਬ੍ਰਹਿਮੰਡ ਦੀ ਹਰ ਵਸਤ ਨਿਰਛਲ, ਨਿਸ਼ਕਾਮ ਕਰਮਕਰੇ।
ਬੰਦਾ ਮੈਂ ਮੈਂ ਕਰਦਾ ਧਰਤੀ ਦੀ ਗੋਦ ਸਮਾਵੇ
ਧਰਤੀ ਉੱਤੇ ਵੰਡੀਆਂ ਪਾ ਜੀਵਨ ਨਰਕ ਬਣਾਵੇ।
ਪਰ ਉਪਕਾਰ ਕਮਾ ਲੈ ਬੰਦਿਆ ਕੁਦਰਤ ਨਿੱਤ ਸਮਝਾਵੇ।
ਦਾਤੇ ਦਾ ਨਿਯਮ ਸਿੱਧਾ ਖਾਲੀ ਹੱਥੀਂ ਆਇਆ ਜੀਵ ਖਾਲੀ ਹੱਥ ਹੈ ਜਾਣਾ।
ਧਰਤੀ ਮਾਂ ਦੀ ਗੋਦ ਵਿੱਚ ਚੈਨ ਨਾਲ ਰਹਿ
ਧਰਤੀ ਦੇ ਜੀਵਾਂ ਦੀ ਸੇਵਾ ਕਮਾ ਧਰਤੀ ਨੂੰ ਸਵਰਗ ਬਣਾ।

# ਪਿੰਜਰੇ ਦਾ ਪੰਛੀ

ਪਿੰਜਰੇ ਦੇ ਪੰਛੀ ਹੁੰਦੇ ਪਰਾਇਆਂ ਦੇ ਮਨ ਪ੍ਰਚਾਵੇ ਲਈ
ਆਪਣੀ ਕੋਈ ਸੋਚ ਨਾ ਹੁੰਦੀ ਨੱਚਣ ਬਸ ਪਰਾਇਆਂ ਲਈ।
ਰੋਟੀ ਦਾ ਗੁਲਾਮ ਹੋ ਪਿੰਜਰੇ ਦਾ ਕੈਦੀ ਹੋ ਜਾਵੇ
ਮਾਲਕ ਦੀਆਂ ਖ਼ਾਹਿਸ਼ਾਂ ਪੂਰੀਆਂ ਕਰਨ ਦਾ ਆਦੀ ਹੋ ਜਾਵੇ।
ਬ੍ਰਹਿਮੰਡ ਦੀ ਹੋਂਦ ਭੁਲਾ ਪਿੰਜਰੇ ਦੀਆਂ ਸੀਖਾਂ ਨੂੰ ਅਸਮਾਨ ਜਾਣੇ।
ਖੁੱਲ੍ਹੇ ਅਸਮਾਨ ਵਿੱਚ ਉੱਡਣਾ ਲੱਗੇ ਜ਼ੋਖਮ ਭਰਿਆ, ਅਜ਼ਾਦੀ ਦੀ ਕਦਰ ਨਾ ਜਾਣੇ।
ਰੱਟ ਲਵੇ ਦੋ ਚਾਰ ਗੱਲਾਂ ਜੋ ਮਾਲਕ ਸਿਖਾਵੇ
ਘਰ ਦੇ ਜੀਆਂ ਅਤੇ ਆਏ ਗਏ ਦਾ ਜੀਅ ਪ੍ਰਚਾਵੇ।
ਪਿੰਜਰੇ ਦਾ ਪੰਛੀ ਪਿੰਜਰੇ ਦਾ ਆਦੀ ਹੋ ਜਾਵੇ
ਮਾਲਕ ਭਾਵੇਂ ਪਿੰਜਰਾ ਖੋਲ ਵੀ ਦੇਵੇ ਨਾ ਉਡਾਰੀ ਲਾਵੇ।
ਰੋਟੀ ਦਾ ਗੁਲਾਮ ਜੀਵ ਆਜ਼ਾਦੀ ਭੁੱਲ ਜਾਵੇ
ਸੋਚ ਦੇ ਪਰ ਕੱਟੇ ਜਾਣ, ਉਡਾਰੀ ਲਾਉਣੀ ਭੁੱਲ ਜਾਵੇ।

## ਹਵਾ/ਮਾਂ

ਹਵਾ, ਪਾਣੀ ਤੇ ਧਰਤੀ ਬਿਨਾਂ ਨਾ ਜੀਵਨ ਸੰਭਵ
ਇਸ ਤੋਂ ਵੀ ਉੱਤੇ ਮਾਂ ਜੋ ਜੀਵਨ ਜੋਤ ਜਗਾਵੇ।
ਹਵਾ ਦੇ ਬੁੱਲੇ ਜੀਵਨ ਨੂੰ ਮਹਿਕਾਵਣ
ਜੀਵਨ ਸਾਹਾਂ ਦੀ ਖੇਡ ਜਦ ਰੁਕੇ ਮਨੁੱਖ ਮਿੱਟੀ ਹੋ ਜਾਵੇ।
ਜੀਵਨ ਦਾਤੀ ਹਵਾ ਜੀਵ ਜੰਤ, ਬਨਸਪਤੀ, ਬ੍ਰਹਿਮੰਡ ਦੀਆਂ
ਚੰਗੀਆਂ-ਮੱਦੀਆਂ ਭਾਵਨਾਵਾਂ ਬੁੱਕਲ਼ 'ਚ ਸਮਾਵੇ
ਜੀਵਾਂ ਨੂੰ ਜੀਵਨ ਦਾਨ ਦੇਵੇ ਕਦੇ ਨਾ ਕੁੱਝ ਜਤਾਵੇ।
ਹਵਾ/ਮਾਂ ਨਿਸ਼ਕਾਮ ਸੇਵਕ
ਸਹਿਨਸ਼ੀਲਤਾ ਦੀ ਮੂਰਤ ਜੀਵਨ ਪ੍ਰਵਾਹ ਨੂੰ ਅੱਗੇ ਤੋਰਨ।
ਹਵਾ, ਪਾਣੀ ਤੇ ਧਰਤੀ ਬਿਨਾਂ ਨਾ  ਜੀਵਨ ਸੰਭਵ
ਇਸ ਤੋਂ ਵੀ ਉੱਤੇ ਮਾਂ ਜੋ  ਇਹ ਜਗਤ ਵਿਖਾਵੇ।

## ਸਰਬੱਤ ਦਾ ਭਲਾ

ਸਰਬੱਤ ਦਾ ਭਲਾ ਮੰਗਣ ਵਾਲੇ ਕਦੇ  ਬਦਦੁਆਵਾਂ ਨਹੀਂ ਦੇ ਸਕਦੇ।
ਬਹੁਤ ਦੁੱਖ ਹੁੰਦਾ ਜਦੋਂ ਅੱਖਾਂ ਸਾਹਵੇਂ ਆਪਣੇ ਦੁੱਖ ਭੋਗਦੇ ਨੇ।
ਕੁਦਰਤ ਦੇ ਵੀ ਕੋਈ ਨਿਯਮ ਹਨ
ਜੇਹਾ ਬੀਜੋ ਸੋ ਹੀ ਵੱਢੋ ਸਭ ਕੀਤਾ ਭੋਗਦੇ ਨੇ।
ਦਾਤੇ ਅੱਗੇ ਕਰੀਏ ਭਾਵੇਂ ਲੱਖ ਅਰਦਾਸਾਂ
ਉਹ ਤਾਂ ਸਭ ਦਾ ਚੰਗਾ ਕਰਦਾ ਉਸ ਦੇ ਤਾਂ ਸਭ ਬੱਚੇ ਨੇ।
ਮਾਂ ਬਾਪ ਨੂੰ ਜੋ ਬੋਝ ਸਮਝਣ
ਦਾਤਾ ਅੱਖਾਂ ਖੋਲ੍ਹਦਾ ਜਦੋਂ ਆਪਣੇ ਜਾਏ ਟਿੱਚ ਜਾਣਦੇ ਨੇ।
ਭਾਗਾਂ ਵਾਲੇ ਨੇ ਜੋ ਦਾਤੇ ਦੀਆਂ ਰਮਜ਼ਾਂ ਪਹਿਚਾਣ ਦੇ ਨੇ।
ਹੈਂਕੜਬਾਜ  ਘੁਮੰਡੀ ਨਾ ਸੁਧਰਣ ਮਾਂ ਬਾਪ
ਨੂੰ ਹਮੇਸ਼ਾਂ ਕਮ ਅਕਲ ਜਾਣਦੇ ਨੇ।
ਦੁੱਖ ਸੁੱਖ ਜੀਵਨ ਦਾ ਹਿੱਸਾ ਇੰਨਾ ਆਉਣਾ ਜਾਣਾ ਏ, ਦਾਤੇ ਦਾ ਭਾਣਾ
ਮੰਨਣ ਵਾਲੇ ਕਦ ਸੋਗ ਮਨਾਉਂਦੇ ਨੇ।
ਸਰਬੱਤ ਦਾ ਭਲਾ ਮੰਗਣ ਵਾਲੇ ਕਦ ਬਦਦੁਆਵਾਂ ਦਿੰਦੇ ਨੇ।

# ਮੈਂ ਤੇ ਸ਼ਰੀਰ

ਮੈਂ ਤੇ ਮੇਰਾ ਸ਼ਰੀਰ ਜੀਵਨ ਸਫ਼ਰ ਤੇ ਨਿਕਲੇ
ਤੁਰਦੇ ਜਾਣ ਮੰਜ਼ਿਲ ਨਾ ਜਾਨਣ ਬੇਅਕਲੇ।
ਮਾਇਆ ਜਾਲ ਵਿੱਚ ਉਲਝ ਬਦਲਾਂ ਨਿੱਤ ਫਰਮਾਇਸ਼ਾਂ
ਬਹੁਤ ਭੋਗ ਲਿਆ ਦਾਤੇ ਦੀ ਦਾਤਾਂ ਨੂੰ ਖ਼ਤਮ ਨਾ ਹੋਣ ਖ਼ਾਹਸ਼ਾਂ।
ਦਾਤੇ ਬਖਸ਼ੀ ਦੇਹ ਨੂੰ ਪਾਕ ਸਾਫ਼ ਰੱਖਣ ਦੇ ਯਤਨ ਕਰਾਂ
ਤਨ ਵਿੱਚ ਜੋ ਵਸਦਾ ਸਕੂਨ ਨਾਲ ਰਹੇ ਦਾਤੇ ਦਾ ਸ਼ੁਕਰਾਨਾਂ ਕਰਾਂ।
ਦੁਨੀਆਂ ਵਿੱਚ ਬਦਅਮਨੀ ਫੈਲੀ ਚਾਰੇ ਪਾਸੇ ਚੀਕ ਚਿਹਾੜਾ
ਕਦਰਾਂ ਕੀਮਤਾਂ ਨੂੰ ਨਕਾਰ, ਖ਼ਾਹਸ਼ਾਂ ਨੂੰ ਪੱਠੇ ਪਾਉਣ ਦਾ ਪਵਾੜਾ।
ਜੀਵਨ ਜਿਊਣਾ ਦਾ ਮਕਸਦ ਅੱਜ ਖਾਓ ਪੀਓ ਐਸ਼ ਕਰੋ
ਚੰਗਾ ਖਾਂਦੇ ਪੀਂਦੇ ਕਿਉਂ ਰੋਵਣ, ਕਿਉਂ ਸਕੂਨ ਨਹੀਂ ਵਿਚਾਰ ਕਰੋ।
"ਬਿਨ ਸੇਵਾ ਧ੍ਰਿਗ ਹੱਥ ਪੈਰ", ਗੁਰੂ ਬਚਨਾਂ ਤੇ ਅਮਲ ਕਰੋ
ਲਾਲਚ, ਖ਼ੁਦਗ਼ਰਜ਼ ਛੱਡ ਪਰਉਪਕਾਰੀ ਬਣੋ, ਸੇਵ ਕਰੋ।
ਮੈਂ ਤੇ/ਸ਼ਰੀਰ ਦਾਤੇ ਦੀ ਬਖਸ਼ਿਸ਼, ਦਾਤਾ ਮਿਹਰ ਕਰੇ
ਤੁੱਛ ਬੁੱਧ ਨੂੰ ਰੌਸ਼ਨੀ ਬਖਸ਼ੇ, ਦਾਤੇ ਦੇ ਹੁਕਮ ਦੀ ਪਛਾਣ ਕਰੇ।

# ਕਾਟੀਮਾਰ

ਕਾਟੀ ਮਾਰਾਂ ਦੀ ਹੋਈ ਭਰਮਾਰ ਹਰ ਕੋਈ ਬਣਿਆ ਫਿਰੇ ਸ਼ਿਕਾਰੀ
ਦਿਲ ਲੁਭਾਉਣੀ ਗੁੱਡੀ ਵੇਖਦੇ ਕਾਟੀ ਮਾਰਣ ਦੀ ਕਰਣ ਤਿਆਰੀ।
ਆਪਣੀ ਗੁੱਡੀ ਉਡਾਣ ਦੀ ਔਕਾਤ ਨਹੀਂ ਕਾਟੀ ਮਾਰਨ ਦੀ ਝਾਕ
ਪਰਾਈਆਂ ਗੁੱਡੀਆਂ ਲੁੱਟਣਾ ਕਾਟੀਆਂ ਮਾਰਣਾ ਭੁਖੜਾਂ ਦੀ ਔਕਾਤ।
ਦੋਸਤੋ ਉੱਚੀ ਗੁੱਡੀ ਉਡਾ ਜੇ ਝੂਮਣਾ ਜਾਂ ਜੱਗ ਨੂੰ ਭਰਮਾਉਣਾ ਲੋਚੋ
ਕਾਟੀ ਮਾਰਾਂ  ਦੀ ਨਿਗਾਹ 'ਚ ਰੜਕੋ, ਚਾਲਾਂ ਤੋਂ ਬਚਣ ਦੀ ਸੋਚੋ।
ਮਿਹਨਤ ਮੁਸ਼ੱਕਤ ਤੋਂ ਭਜਦੇ, ਪਰ ਮਾਲ ਹਥਿਆਉਣ ਦੀ ਸੋਚਣ
ਮੋਹ ਮਾਇਆ ਦੇ ਜਾਲ ਵਿੱਚ ਫਸ ਮੁਫ਼ਤ ਵਿੱਚ ਖੁਸ਼ਹਾਲੀ ਲੋਚਣ ।
ਬਾਬੇ ਨਾਨਕ ਦੱਸਿਆ, "ਨਾਨਕ ਨੀਵਾ ਜੋ ਚਲੈ, ਲਗੇ ਨਾ ਤੱਤੀ ਵਾਓ"
ਸਹਿਜ ਸੁਖਾਵਾਂ ਜੇ ਜੀਵਨ ਲੋਚੋ ਕਾਟੀ ਮਾਰਾਂ  ਨਿਗਾਹ ਤੋਂ  ਬਚੋ
ਆਪਣੀ ਉਡਾਣ ਐਸੀ ਰੱਖੋ, ਕਾਟੀ ਮਾਰਾਂ ਦੀ ਹਰ ਚਾਲ ਤੋਂ ਬਚੋ।
ਜੋ ਗੁੱਡੀ ਕਾਟੀ ਦੀ ਜਦ ਵਿੱਚ ਆਵੇ ਕੱਟੀ ਭਾਵੇਂ ਨਾਂ ਵੀ ਜਾਵੇ
ਪਰ ਰਗੜੇ ਜ਼ਰੂਰ ਖਾਵੇ।
ਕੱਟੀ ਗੁੱਡੀ ਦੀ ਦਸ਼ਾ ਹਰ ਕੋਈ ਜਾਣੇ
ਮਾਲਕ ਨਾਲੋਂ ਜਦ ਕੱਟੀ ਜਾਵੇ ਜਣਾ ਖਣਾ ਲੁੱਟਣ ਲਈ ਲਲਚਾਏ
ਲੁੱਟ ਦਾ ਮਾਲ ਹੋਵੇ ਖੇਰੂੰ ਖੇਰੂੰ ਗੁੱਡੀ ਆਪਣੀ ਹੋਂਦ ਗੁਆਏ।

# ਜ਼ਿੰਦਗੀ

ਜੀਵਨ ਦੇ ਆਖਰੀ ਪੜਾਅ ਤੇ ਪਹੁੰਚ ਵੀ ਬਣਿਆ ਮੈਂ ਅਨਾੜੀ।
ਭੰਬਲ ਭੂਸਿਆਂ ਵਿੱਚ ਪਿਆ ਫਿਰੇ ਉੱਤਮ ਜੀਵਨ ਦਾ ਖਿਲਾੜੀ।
ਪਲ ਵਿੱਚ ਢਹਿ ਢੇਰੀ ਹੋਵੇ ਸਮਿਆਂ ਦੀ ਘਾਲਣਾ ਜਦੋਂ ਮਤ ਮਾਰੀ ਜਾਵੇ।
ਸਿਆਣਿਆਂ ਸੱਚ ਹੀ ਕਿਹਾ ਲੁਕਾ ਖਾਵੋ ਭਾਵੇਂ ਗੁੜ ਆਪਣਾ ਹੀ ਹੋਵੇ।
ਲਾਲਚੀ, ਖ਼ੁਦਗ਼ਰਜ਼ ਹਰ ਹਰਬਾ ਵਰਤਣ, ਮਿੱਠੇ ਪਿਆਰੇ ਹੋ ਸੰਨ ਲਾਵਣ।
ਹੱਕ ਸੱਚ ਦੀ ਕਮਾਈ ਹੀ ਰੌਣਕਾਂ ਲਾਵੇ, ਪਰਾਏ ਮਾਲ ਨਾਲ ਨਾ ਕਦੇ ਖੁਸ਼ਹਾਲੀ ਆਵੇ।
ਕੂੜੀ ਦੁਨੀਆਂ, ਕੂੜ ਪਸਾਰਾ, ਕੂੜ ਹੋਇਆ ਪ੍ਰਧਾਨ
ਕੂੜ ਦੀ ਤਲਿਸਮੀ ਚਮਕ ਵਿਖਾ ਭੋਲੇ ਭਾਲਿਆਂ ਨੂੰ ਫਸਾਉਣ
ਹੱਸਦੇ-ਵੱਸਦੇ ਘਰ ਉਜਾੜ, ਪਰਾਏ ਮਾਲ ਤੇ ਗੁਲਸ਼ਰੇ ਉਡਾਵਣ।
ਨੀਤ ਸਾਫ ਹੋਵੇ ਤਾਂ ਦਾਤੇ ਦੀ ਨਜ਼ਰ ਸਵੱਲੀ ਹੋਵੇ
ਚੁਫੇਰੇ ਲਹਿਰਾਂ ਬਹਿਰਾਂ ਹੋਣ,ਗਮ ਦੇ ਬੱਦਲ ਉਡਾਵੇ।
ਸੱਤ ਬੁੱਧੀ ਦੇਵੇ, ਮਾਇਆ ਜਾਲ ਦੇ ਜੰਜਾਲ ਤੋਂ ਬਚਾਵੇ
ਜੀਵਨ ਖ਼ੁਸ਼ੀਆਂ ਭਰਪੂਰ ਹੋਵੇ ਜਾਲਸਾਜਾਂ ਨੂੰ ਧੂਲ ਚਟਾਵੇ।

# ਮੈਂ ਤੇ ਮੇਰੀ ਦੁਨੀਆ

ਅੱਜ ਕੱਲ੍ਹ ਹਰ ਕੋਈ ਮੈਂ ਮੈਂ ਦੀ ਰੱਟ ਲਗਾਵੇ
ਕੋਈ ਮਰੇ ਜਾਂ ਜੀਵੇ ਖ਼ੁਸ਼ੀ ਲਈ ਬੰਬ ਚਲਾਵੇ।
ਇਸ ਆਪਾ ਧਾਪੀ ਨੇ ਝੁੱਗਾ ਚੌੜ ਕੀਤਾ
ਗੁੰਡਿਆਂ ਦੀ ਚੌਧਰ ਨੇ ਸਮਾਜ ਉਜਾੜ ਦਿੱਤਾ।
ਹਰ ਕੋਈ ਸਹੇ ਤਸ਼ੱਦਦ, ਜ਼ੁਲਮ ਜਾਬਰਾਂ ਦੇ
ਲੋਚੇ ਭਗਤ ਸਿੰਘ ਜਨਮੇ ਮੇਰੇ ਨਹੀਂ ਕਿਸੇ ਦੇ।
ਇਹ ਲੁੱਟ-ਖੋਹ ਇਸੇ ਤਰ੍ਹਾਂ ਜਾਰੀ ਰਹਿਣੀ
ਆਮ ਜਨਤਾ ਨੇ ਜੇ ਕਾਇਰਤਾ ਵਿਖਾਉਣੀ।
ਹਰਾਮ ਖੋਰਾਂ ਨੂੰ ਸਬਕ ਸਿਖਾਉਣ ਲਈ
ਆਖਰ ਮਰਦਾਨਗੀ ਵਿਖਾਉਣੀ ਪਊ।

## ਸ਼ੁਭ ਇਛਾਵਾਂ

ਵੱਡਿਆਂ ਛੋਟਿਆਂ ਲਈ, ਦੋਸਤਾਂ ਪਿਆਰਿਆਂ ਸਭ ਲਈ ਸ਼ੁਭ ਇੱਛਾਵਾਂ।
ਹੱਥੀਂ ਪਾਲੇ ਬੱਚਿਆਂ, ਸਾਕ ਸੰਬੰਧੀਆਂ, ਹਰ ਮੌਕਾ ਪ੍ਰਸਤ ਸਾਥੀਆਂ ਲਈ ਸ਼ੁਭ ਇਛਾਵਾਂ।
ਦਾਤੇ ਦਾ ਸ਼ੁਕਰ ਗੁਜ਼ਾਰ ਹਾਂ ਦੇਵਾਂ ਸਭ ਨੂੰ ਸ਼ੁਭ ਇਛਾਵਾਂ।
ਵੈਸੇ ਤਾਂ ਸਮੇਂ ਦਾ ਦਸਤੂਰ ਹੈ ਕੰਮ ਨਿਕਲਦੇ ਹੀ ਨਿਗਾਹ ਬਦਲੇ।
ਜਿਨ੍ਹਾਂ ਨੂੰ ਬੋਲਣਾ ਤੁਰਨਾ ਸਿਖਾਇਆ ਹੁਣ ਜੀਵਨ ਜਾਚ ਸਿਖਾਵਾਣ।
ਮਾਲੀ ਸਦਾ ਬਾਗ ਦੀ ਖੁਸ਼ਹਾਲੀ ਲੋਚੇ।
ਹਰ ਪੋਦੇ ਦੇ ਪ੍ਰਵਾਨ ਚੜ੍ਹਣ ਦੀ ਸੋਚੇ।
ਮੇਰਾ ਚੌਗਿਰਦਾ ਖ਼ੁਸ਼ਹਾਲ ਹੋਵੇ ਤਾਂ ਖੁਸ਼ੀ ਮਨਾਵਾਂ
ਇਸ ਲਈ ਹਰ ਇਕ ਲਈ ਸ਼ੁਭ ਇਛਾਵਾਂ।
ਸੌੜੀ ਸੋਚ ਮਨ ਸੌੜਾ ਕਰੇ ਬੰਦਾ ਦੋਜ਼ਖ਼ ਦੀ ਅੱਗ 'ਚ ਸੜੇ।
ਦਾਤਿਆ ਸਵੱਲੀ ਨਜ਼ਰ ਰੱਖੀਂ,ਕੀਨੇ ਸਾੜੇ ਨਾ ਦੇਵੀਂ।
ਖ਼ੂਬਸੂਰਤ ਗੁਲਦਸਤਾ ਰਹੇ ਮੇਰੇ ਚੁਫੇਰੇ, ਸੁਗੰਧਾਂ ਮਾਣਾ, ਸੁਗੰਧਾਂ ਵੰਡਾਂ, ਫੁੱਲਾਂ ਵਾਂਗ ਸਦਾ ਟਹਿਕਾਂ ਵੰਡਦਾ ਰਹਾਂ ਖੁਸ਼ਬੋਆਂ।
ਨਵਾਂ ਸਾਲ ਹੈ ਆਉਣ ਵਾਲਾ, ਚੁਫੇਰੇ ਖੁਸ਼ਹਾਲੀ ਪਸਰੇ ਸਭ ਲਈ ਮੇਰੀਆਂ ਸ਼ੁਭ ਇੱਛਾਵਾਂ।

# ਡਰ

ਮੈਂ ਹਰ ਵੇਲੇ ਡਰ ਕੇ ਚੱਲਾਂ
ਇਹ ਨਹੀਂ ਕਿ ਮੈਂ ਬੁਜ਼ਦਿਲ ਝੱਲਾ ਹਾਂ।
ਮੈਨੂੰ ਆਪਣਿਆਂ ਤੋਂ ਬਹੁਤ ਡਰ ਲੱਗਦਾ
ਪਿੱਠ ਵਿੱਚ ਛੁਰਾ ਆਪਣੇ ਖੋਭਦੇ।
ਡਾਢੀ ਟੀਸ ਹੁੰਦੀ ਜਦ ਵਿਸ਼ਵਾਸ ਟੁੱਟਦਾ
ਜੀਵਨ ਜਿਉਣ ਤੋਂ ਮਨ ਉਚਾਟ ਹੁੰਦਾ।
ਡਰਦਾ ਹਾਂ ਹਰ ਕਰਮ ਕਰਨ ਵੇਲੇ
ਅਭੋਲ ਵੀ ਨਾ ਕੋਈ  ਅਣਮਨੁੱਖੀ ਕਾਰਾ ਹੋਵੇ।
ਚਾਹੇ ਅਣਚਾਹੇ ਕੁੱਝ ਵੀ ਕਾਰ ਕਰਾਂ
ਫਲ ਤਾਂ ਮੈਂ ਹੀ ਭੁਗਤਣਾ, ਸੋ ਹਰ ਕੰਮ ਡਰਦੇ ਕਰਾਂ।
ਦਾਤੇ ਅੱਗੇ ਕਰਾਂ ਹਰ ਪਲ ਬੇਨਤੀ
ਸੁਮੱਤ ਬਖ਼ਸ਼ੀ ਦਾਤਿਆ ਸੁਚੱਜੀ ਕਾਰ ਕਰਾਂ ।
ਦੋਜ਼ਖ਼ ਦੀ ਅੱਗ ਨਾ ਸੜਾਂ ਕਦੇ
ਫੁੱਲਾਂ ਵਾਂਗ ਸਦਾ ਟਹਿਕਾਂ, ਖੁਸ਼ਬੂ ਵੰਡਦਾ ਰਹਾਂ।

# ਅਣਭੋਲ ਸਮੇਂ

ਬੀਤੇ ਦੀਆਂ ਭੋਲੀਆ ਗੱਲਾਂ ਅੱਜ ਲੱਗਣ ਅਦੁੱਤੀ ਗੱਲਾਂ।
ਵੰਗਾਂ ਦੇ ਟੋਟਿਆ ਚੋਂ ਲੱਭ ਲੈਂਦੇ ਸੇ ਆਪਣੇ ਪਿਆਰੇ
ਅੱਜ ਨਾਂ ਲੱਭਣ ਕਿਤੇ ਭਾਵੇਂ ਸਭ ਕੁੱਝ ਲੁਟਾਈ ਏ।
ਬੋਝੇ 'ਚ ਰੱਖਿਆ ਸੁੱਕਾ ਤੀਲਾ ਟਾਲ ਦਿੰਦਾ ਸੀ ਹਰ ਆਫਤ
ਅੱਜ ਨਾਂ ਟਲਣ ਲੱਖ ਹੀਲੇ ਕਰੀਏ।
ਲੱਗਦਾ ਦਾਤਾ ਸਾਡੇ ਅੰਗ ਸੰਗ ਹੁੰਦਾ ਸੀ
ਸਾਡੀ ਹਰ ਰਮਜ਼ ਜਾਣਦਾ ਸੀ।
ਹਰ ਅਰਦਾਸ ਕਬੂਲ ਹੁੰਦੀ ਸੀ।
ਵੱਡੇ ਅਕਸਰ ਕਹਿੰਦੇ ਸੀ ਤੁਸੀਂ ਆਹ ਮੰਗੋ ਉਹ ਮੰਗੋ
ਦਾਤਾ ਬੱਚਿਆਂ ਦੀ ਗੱਲ ਨਹੀ ਟਾਲਦਾ।
ਕਦੇ ਤਾਂਘ ਹੁੰਦੀ ਸੀ ਅਸੀਂ ਜਲਦੀ ਵੱਡੇ ਹੋਈਏ
ਅੱਜ ਮਨ ਲੋਚੇ ਕਾਸ਼ ਬੱਚਪਨ ਵਾਪਿਸ ਆ ਜਾਏ।
ਆਦਮ ਜ਼ਾਤ ਅਭਾਗੀ, ਕਦੇ ਨਾ ਹੋਵੇ ਸੰਤੁਸ਼ਟ
ਖ਼ਾਹਸ਼ਾਂ ਦਾ ਪਿਟਾਰਾ ਕਦੇ ਨਾ ਹੋਵੇ ਖਾਲੀ।
ਭੋਗਦਾ ਭੋਗਦਾ ਇਹ ਮੁੱਕ ਜਾਵੇ
ਦਾਤੇ ਦਾ ਖਜ਼ਾਨਾ ਕਦੇ ਨਾ ਹੋਵੇ ਖਾਲੀ।

# ਜੀਵਨ ਇੱਛਾ

ਜੀਵਨ ਚਲਦਾ ਰਿਹਾ ਚਲਦਾ ਰਹੇਗਾ।
ਪਾਂਧੀ ਬਦਲਦੇ ਰਹਿੰਦੇ।
ਸੰਤ, ਮਹਾਤਮਾਂ ਨਿਤ ਉਪਦੇਸ਼ ਦੇਵਣ
ਮੋਹ ਮਾਇਆ ਦੇ ਜਾਲ ਨੂੰ ਛੰਡੋ
ਅਗਲੇ ਜਨਮ ਲਈ ਤਿਆਰੀ ਵਿੰਡੋ।
ਮੈਂ ਹੰਡਮਾਸ ਦਾ ਪੁਤਲਾ
ਦੁਨੀਆਂ ਵੇਖਣ ਆਇਆ
ਦੁਨੀਆਂ ਦਾਰੀ ਵਿੰਚ ਰਚਮਿਚ ਆਨੰਦ ਮਨਾਵਾਂ।
ਅਗਲੇ ਜਨਮ ਦੀ ਨਾ ਚਿੰਤਾ ਕੋਈ
ਮਨ ਲੋਚੇ ਇਸ ਜਨਮ ਨੂੰ ਹੀ ਸੋਝੀ ਨਾਲ ਜੀਵਾਂ।
ਧਰਤੀ ਤੇ ਹੋਵੇ ਹੱਕ ਸੱਚ ਦਾ ਬੋਲਬਾਲਾ
ਮਿਟ ਜਾਵੇ ਇੰਥੋਂ ਭੁੱਖ ਕੰਗਾਲੀ ਹਰ ਜੀਵ ਹੋਵੇ ਖੁਸ਼ਹਾਲਾ।

# ਸੱਚ ਸੱਚ

ਕਰ ਪਰਾਈਆਂ ਆਉਣ ਜਾਈਆਂ ਵਾਲੀ ਕਹਾਵਤ
ਕੱਚੀ ਉਮਰੇ ਕੱਚੀ ਲਗਦੀ ਸੀ।
ਪੱਕੀ ਉਮਰੇ ਸਮਝ ਆਈ ਗੱਲ ਪੱਕੀ ਸੀ।
ਜਿੰਨ੍ਹਾਂ ਖਾਦੀਆਂ ਗਾਜਰਾਂ ਢਿੱਡ ਉਂਨ੍ਹਾਂ ਦੇ ਪੀੜ
ਬਿਲਕੁਲ ਸਹੀ ਹੈ ਮੈਂ ਅੱਖੀਂ ਡਿੱਠਾ ਹੈ।
ਜਿਹਾ ਬੀਜੋਗੇ ਵੈਸਾ ਵੰਡੋਗੇ ਇਹ ਵੀ ਸੱਚ ਹੈ।
ਲੁਕ ਲੁਕ ਲਾਈਆਂ ਜੰਗ ਜ਼ਾਹਰ ਹੋਵਣ
ਸੀਸੀਟੀਵੀ ਕੈਮਰੇ ਨੂੰ ਧੋਖਾ ਦੇ ਸਕਦੇ ਹੋ
ਪਰ ਖ਼ਲਕਤ ਦੇ ਪਾਲਣਹਾਰ ਦਾਤੇ ਤੋਂ
ਕੁੱਝ ਨਾ ਗੁੱਝਾ, ਸਭ ਜਾਨੀਜਾਨ ਹੈ।
ਇਨਸਾਨ  ਹੋ ਤਾਂ ਇਨਸਾਨਾਂ ਵਾਲੇ ਕਰਮ ਕਰੋ
ਦਾਤੇ ਦੀ ਦੁਨੀਆਂ ਹੈ ਬਹੁਤ ਹਸੀਨ, ਸਭਿਆ ਇਨਸਾਨਾਂ ਵਾਂਗ ਜੀਵੋ।

# ਦੂਜੇ ਦਰਜੇ ਦੇ ਨਾਗਰਿਕ

ਹਰ ਕੋਈ ਲੋੜੇ ਪਹਿਲਾ ਦਰਜਾ
ਦੂਜਾ ਦਰਜ਼ਾ ਇਜ਼ਤ ਮਾਣ ਘਟਾਵੇ।
ਦੁਨੀਆਂ ਬੜੀ ਹੈ ਡਾਢੀ
ਲੋੜ ਅਨੁਸਾਰ ਦਰਜੇ ਦੇਵੇ।
ਲੋੜ ਹੋਵੇ ਤਾਂ ਗਧੇ ਨੂੰ ਬਾਪ ਬਣਾਵੇ।
ਗਰਜ਼ ਨਿਕਲੇ ਤਾਂ ਧੂਲ ਚਟਾਵੇ।
ਮਾਂ ਲਈ ਬੱਚੇ ਪਹਿਲਾ ਦਰਜਾ
ਮੂੰਹ 'ਚੋਂ ਬੁਰਕੀ ਕੱਢ ਖੁਆਵੇ।
ਸਮਾਂ ਬੜਾ ਬਲਵਾਨ
ਨਵੇਂ ਨਵੇਂ ਰੰਗ ਵਿਖਾਵੇ।
ਮਾਂ ਪਾਵੇ ਦੂਜਾ ਦਰਜਾ
ਜੀਵਨ ਸਾਥਣ ਪਹਿਲੇ ਤੇ ਆਵੇ।
ਯਾਦ ਆਉਂਦੇ ਨੇ ਬੋਲ
ਪਿੱਪਲ ਦੇ ਪੱਤਿਆ ਵੇ ਕੇਹੀ ਖੜ ਖੜ ਲਾਈ ਏ
ਪਤੇ ਝੜੇ ਪੁਰਾਣੇ ਹੁਣ ਰੁੱਤ ਨਵਿਆਂ ਦੀ ਆਈ ਏ।
ਸਦਾ ਨਾ ਕੋਈ ਰਹੇ ਨੰਬਰ ਇਕ
ਸਮੇਂ ਨਾਲ ਦੂਜਾ ਦਰਜਾ ਪਾਵੇ।

# ਸਭ ਠੀਕ ਹੈ

ਹਰ ਵਿਅਕਤੀ ਦੇ ਜੀਵਨ ਵਿੱਚ ਉਤਰਾ ਚੜ੍ਹਾਓ ਆਉਂਦੇ ਨੇ।
ਮੈਂ ਵੀ ਬਹੁਤ ਠੱਗੀਆਂ ਠੋਰੀਆਂ ਖਾਧੀਆਂ ਨੇ।
ਜੀਵਨ ਵਿੱਚ ਨਫ਼ੇ ਨੁਕਸਾਨ ਦੇ ਅਨੇਕਾਂ ਕਿੱਸੇ ਕਹਾਣੀਆਂ ਨੇ।
ਮੈਂ ਦਿਲ ਨੂੰ ਧਰਵਾਸ ਦੇ ਅੱਗੇ ਤੁਰ ਪੈਂਦਾ ਹਾਂ ਸਭ ਮੇਰੇ ਕਰਮਾਂ ਦਾ ਫਲ ਨੇ।
ਬੀਤੇ ਨੂੰ ਜੋ ਭੁਲਾ ਸਕਦੇ ਨਾ ਕਿਵੇਂ ਅੱਗੇ ਜਾ ਸਕਦੇ ਨੇ।
ਜੀਵਨ ਦਾ ਤਾਣਾ ਬਾਣਾ ਐਸਾ, ਉਹ ਹੀ ਖੁਸ਼ ਜੋ ਬੀਤੇ ਨੂੰ ਭੁਲਾ ਸਕਦੇ ਨੇ।
ਜੋੜਣ ਕਮਾਉਣ ਦਾ ਫਲਸਫਾ ਜੋ ਸਾਰਾ ਜੀਵਨ ਅਪਣਾਉਂਦੇ, ਅੰਤਵੇਲੇ ਬਹੁਤ ਪਛਤਾਉਂਦੇ ਨੇ।
ਸੁਖੀ ਰਹਿੰਦੇ ਨੇ ਇਨਸਾਨ ਜੋ ਬਾਬੇ ਨਾਨਕ ਦੀ ਬਾਣੀ
'ਨਾਮ ਜਪੋ ਕਿਰਤ ਕਰੋ ਵੰਡ ਛਕੋ' ਦੇ ਸਿਧਾਂਤ ਨੂੰ ਅਪਣਾ ਲੈਂਦੇ ਨੇ।
ਤੇਰਾ ਭਾਣਾ ਮੀਠਾ ਲਾਗੈ।
ਮੇਰੇ ਲਈ ਸਭ ਠੀਕ ਹੈ।

## ਦੁੱਖ/ਸੁੱਖ ਦੀ ਪਰਿਭਾਸ਼ਾ

ਦੁੱਖ/ਸੁੱਖ ਜੀਵਨ ਦੇ ਪਹਿਲੂ
ਜੀਵਨ ਦਾ ਸੰਤੁਲਨ ਕਾਇਮ ਰਹੇ
ਦਾਤੇ ਸਭ ਕੁੱਝ ਕਾਇਦੇ ਨਾਲ ਬਣਾਇਆ।
ਸੁੱਖ ਭੋਗਦਿਆਂ ਬੰਦਾ ਹੰਕਾਰੀ ਹੋ ਜਾਵੇ
ਧਰਤੀ ਦੇ ਜੀਵ ਜੰਤ ਤੇ ਜ਼ੁਲਮ ਢਾਵੇ।
ਦੁਖਾਂ ਦਾ ਜਦ ਕਹਿਰ ਆਵੇ ਮਾਨਵਤਾ ਦੀਆਂ ਗੱਲਾਂ ਕਰੇ
ਤਨ ਮਨ ਨੂੰ ਸਾਫ ਕਰੇ, ਪਰ ਉਪਕਾਰੀ ਬਣ ਜਾਵੇ।
ਬੰਦਾ ਔਕਾਤ ਵਿੱਚ ਰਹੇ ਦਾਤੇ ਦੁੱਖ/ਸੁੱਖ ਦਾ ਖੇਲ ਰਚਾਇਆ।
ਦੁੱਖ/ਸੁੱਖ ਦੀ ਪਰਿਭਾਸ਼ਾ ਕੋਈ ਕੀ ਜਾਣੇ
ਜਿਸ ਤਨ ਲੱਗੇ ਸੋ ਹੀ ਜਾਣੇ।

# ਗੁਲਾਬ ਅੱਜ ਵੀ ਖਿੜਿਆ ਹੈ

ਵਿਸ਼ਾਲ ਕਾਇਨਾਤ ਵਿੱਚ ਕਲ ਬਹੁਤ ਕੁੱਝ ਵਾਪਰਿਆ ਸੀ।
ਕਿਸੇ ਨੂੰ ਵੱਡਾ ਘਾਟਾ ਪਿਆ ਕਿਸੇ ਨੂੰ ਵੱਡਾ ਲਾਭ ਹੋਇਆ ਸੀ।
ਕਿਤੇ ਖੁਸ਼ੀਆਂ ਕਿਤੇ ਮਾਤਮ ਮਨਾਇਆ ਗਿਆ ਸੀ।
ਇਹ ਸਭ ਨਫ਼ੇ ਨੁਕਸਾਨ ਸਾਡੀ ਸੋਚ ਹਨ।
ਕੁਦਰਤ ਇੰਨ੍ਹਾਂ ਗੋਰਖ ਧੰਦਿਆਂ ਤੋਂ ਕਿਨਾਰਾ ਕਰ ਚਲਦੀ।
ਕੁਦਰਤ ਦਾ ਕੰਮ ਚਲਦੇ ਰਹਿਣਾ ਨਾ ਖੁਸ਼ੀ ਨਾ ਕੋਈ ਸੋਗ ਮਨਾਉਣਾ
ਬੰਦਾ ਸੌੜੀ ਸੋਚ ਦਾ ਮਾਲਕ
ਹਰ ਵਰਤਾਰੇ ਵਿਚੋਂ ਲੱਭੇ ਕੁੱਝ
ਖੱਟਣਾ ਕਮਾਉਣਾ।
ਚੱਲਣ ਜਦੋਂ ਮਦਮਸਤ ਹਵਾ ਦੇ ਬੁੱਲੇ
ਚੌਗਿਰਦਾ ਮਹਿਕ ਜਾਵੇ
ਮੌਸਮ ਜਦ ਕਹਿਰਵਾਨ ਹੋਵੇ
ਕਾਇਨਾਤ ਸਹਿਮ ਜਾਵੇ।
ਨਾਖੁਸ਼ਗਵਾਰ ਮੌਸਮਾਂ ਵਿੱਚ ਚਾਲ ਮੱਠੀ ਹੋਵੇ
ਪਰ ਕੁਦਰਤ ਚੱਲਣਾ ਨਾ ਭੁਲਾਵੇ।
ਬੰਦਿਆ ਕੁਦਰਤ ਦੇ ਨਿਯਮਾਂ ਨੂੰ ਜਾਣ ਲੈ
ਭਰਮ ਭੁਲੇਖਿਆਂ ਵਿੱਚ ਨਿਕਲ ਹਰ ਪਲ ਨੂੰ ਮਾਣ ਲੈ।
ਗੁਲਾਬ ਅੱਜ ਵੀ ਖਿੜਿਆ ਹੈ
ਕੱਲ੍ਹ ਕੀ ਚੰਗਾ-ਮੰਦਾ ਵਾਪਰਿਆ ਸੀ ਕਦੇ ਨਾ ਚਿਤਾਇਆ ਹੈ।

# ਬੀਤੇ ਪਲ

ਸਮਾਂ ਕਦੇ ਨਾ ਸਥਾਈ ਰਹਿੰਦਾ ਸਦਾ ਬਦਲਦਾ ਰਹਿੰਦਾ।
ਤੁਰਦੇ ਤੁਰਦੇ ਥੱਕ ਜਾਈਏ ਪਰ ਇਹ ਕਦੇ ਨਾ ਥੱਕੇ।
ਬੜਾ ਔਖਾ ਸਮੇਂ ਨਾਲ ਕਦਮ ਮਿਲਾਉਣੇ
ਪਛੜਿਆਂ ਨੂੰ ਪੈਂਦੇ ਧੱਕੇ।
ਸਮੇਂ ਸੰਗ ਜਦ ਕਦਮ ਨਾ ਚਲਣ
ਬੀਤੇ ਸੁਨਹਿਰੀ ਪਲਾਂ ਵੱਲ ਮੁੜ ਮੁੜ ਤੱਕੇ।
ਜ਼ਰੂਰੀ ਨਹੀਂ ਭਵਿੱਖ ਉਜਲਾ ਹੋਵੇ
ਕੀ ਪਤਾ ਨਵੀਂ ਰਾਹ ਨਰਕਾਂ ਵੱਲ ਧੱਕੇ!
ਹੋਣੀ ਅਣਹੋਣੀ ਦੀ ਚਿੰਤਾ ਛੱਡ
ਸਦਾ ਚਲਦੇ ਰਹਿਣਾ, ਜਦ ਤੱਕ ਨਾ ਜੀਵਨ ਥੱਕੇ।
ਕੁਦਰਤ ਦਾ ਹਰ ਛਿਣ ਨਵਾਂ ਨਵੇਲਾ
ਬੀਤੇ ਨੂੰ ਅਲਵਿਦਾ ਕਹਿ ਨਵੀਂ ਰਾਹ ਵੱਲ ਤੱਕੇ।
ਨਵੀਆਂ ਰਾਹਾਂ ਤੇ ਚੱਲਣਾ ਤਾਂ ਹੀ ਸੰਭਵ
ਜੇ ਬੀਤੇ ਦੀਆਂ ਪੈੜਾਂ ਨੂੰ ਹਮੇਸ਼ਾ ਗੌਰ ਨਾਲ ਤੱਕੇ।

# ਧਰਤੀ ਮਾਂ ਤੇ ਮਾਂ

ਮਾਂ ਜਨਮ ਦੇਵੇ
ਫਿਰ ਧਰਤੀ ਮਾਂ ਤੇ ਮਾਂ ਦੀ ਗੋਦ ਜੀਵਨ ਪ੍ਰਵਾਨ ਚੜ੍ਹਾਉਣ।
ਧਰਤੀ ਦੇ ਸਭ ਜੀਵ ਨੇ ਸਾਡੇ ਸਾਕ ਸੰਬੰਧੀ
ਸਵਾਰਥੀ ਸੋਚ ਵਾਲੇ ਦੂਸਰਿਆਂ ਦੇ ਜੀਵਨ ਅਜ਼ਾਬ ਬਣਾਉਣ।
ਇਕ ਮਾਂ ਦੇ ਬੱਚੇ ਨਾਂ ਰਲ ਮਿਲ ਰਹਿਣ
ਸਵਾਰਥਾਂ ਦੀ ਦਲਦਲ ਵਿੱਚ ਫਸ  ਵੰਡੀਆਂ ਪਾਉਣ।
ਧਰਤੀ ਮਾਂ ਨਾ ਕਦੇ ਦਵੈਤ ਕਮਾਵੇ
ਆਪਣੇ ਬੱਚਿਆਂ ਲਈ ਖਜ਼ਾਨੇ ਮੁਫ਼ਤ ਲੁਟਾਵੇ।
ਕੁਦਰਤ ਦੇ ਨਿਯਮ ਨੇ ਸਰਬ ਵਿਆਪੀ
ਬੰਦੇ ਸਵਾਰਥ ਵੱਸ ਕਨੂੰਨ ਬਣਾਉਣ।
ਧਰਮਾਂ, ਜਾਤਾਂ, ਖਿੱਤਿਆਂ ਤੇ ਰੰਗਾਂ-ਨਸਲਾਂ ਦੀਆਂ ਵੰਡੀਆਂ ਪਾ
ਨੇਤਾ ਮਾਨਵਤਾ ਵਿੱਚ ਵੈਰ ਵਧਾਉਣ।
ਬੰਦੇ ਜੇ ਧਰਤੀ ਤੇ ਜੀਵਨ  ਖੁਸ਼ਹਾਲ ਚਹੁਣ
ਤਾਂ ਹਰ ਜੀਵ ਦੀ ਹੋਂਦ ਯਕੀਨੀ ਬਣਾਉਣ।

# ਧਰਤੀ ਮਾਂ

ਧਰਤੀ ਮਾਂ ਦੀ ਗੋਦ ਵਿੱਚੋਂ ਸਭ ਕੁੱਝ ਉਪਜਿਆ
ਧਰਤੀ ਮਾਂ ਦੀ ਗੋਦ ਵਿੱਚ ਸਮਾਉਣਾ।
ਲਾਲਚ ਖ਼ੁਦਗਰਜ਼ੀ ਦੀ ਦਲਦਲ ਵਿੱਚ ਫ਼ਸਿਆ ਬੰਦਾ
ਕਦੇ ਨਾ ਚਾਹੇ ਇਸ ਧਰਤੀ ਤੋਂ ਜਾਣਾ।
ਇਸ ਧਰਤੀ ਤੇ ਕੋਈ ਨਾ ਟਿਕਿਆ ਜੀਵਨ ਆਣਾ ਜਾਣਾ।
ਹਰ ਬੰਦਾ ਮੈਂ ਮੇਰੀ ਦੇ ਚੱਕਰ ਵਿੱਚ ਫ਼ਸਿਆ
ਸਮਝ ਨਾ ਪਾਵੇ ਜੀਵਨ ਦਾ ਤਾਣਾ ਬਾਣਾ।
ਜੇਕਰ ਲੋਚੇਂ ਤੂੰ ਅਮਰ ਹੋਣਾ ਬੰਦਿਆ
ਖ਼ਲਕਤ ਦੀ ਸੇਵ ਕਮਾ ਲੈ, ਕੁੱਝ ਵੀ ਨਾਲ ਨਾ ਜਾਣਾ।

# ਵੇਹਲੜ

ਅਸੀਂ ਖ਼ੁਸ਼ਹਾਲ ਨਹੀਂ, ਤਰੱਕੀ ਦੀਆਂ ਮਜ਼ਿੰਲਾਂ ਨਾ ਛੁਈਏ
ਕਿਉਂਕਿ ਅਸੀਂ ਵੇਹਲੜ
ਖ਼ਿਆਲੀ ਪਲਾਓ ਪਕਾਉਂਦੇ ਹਾਂ।
ਹੱਥੀਂ ਕਿਰਤ ਤੋਂ ਕੰਨੀ ਕਤਰਾਉਂਦੇ ਹਾਂ।
ਹਰ ਪਲ ਨੂੰ ਜੇ ਖੁਦ ਜਾਂ ਮਾਨਵ ਕਲਿਆਣ ਦੇ ਲੇਖੇ ਲਾਈਏ
ਜੀਵਨ ਖ਼ੁਸ਼ਹਾਲ ਬਣਾਈਏ।
ਵਿਹਲਾ ਮਨ ਸ਼ੈਤਾਨ ਦਾ ਘਰ
ਕਹਿੰਦੀ ਕੁੱਲ ਲੋਕਾਈ
ਵੇਹਲੇ ਰਹਿ ਕੇ ਫਿਰ ਕਿਉਂ ਜਹਾਲਤ, 'ਚ ਜੀਵੇ ਇਹ ਲੋਕਾਈ।

## ਨਵੀਂ ਸੋਚ

ਹਰ ਕੋਈ ਅਧੁਨਿਕਤਾ ਦਾ ਦਿਵਾਨਾ ਹੁੰਦਾ
ਮਨੁੱਖਤਾ ਦਾ ਸਫਰ ਇਸ ਦੀ ਗਵਾਹੀ ਹੈ।
ਮਨੁੱਖ ਕਿਉਂ ਆਪਣੇ ਪੂਰਵਜ਼ਾਂ ਨੂੰ ਪੂਜੇ।
ਅੱਜ ਦੀ ਉਸਾਰੀ ਬੀਤੇ ਦੀ ਨੀਂਹ ਤੇ ਕੀਤੀ ਜਾਵੇ।
ਨਵੀਂ ਪੀੜ੍ਹੀ ਆਪਣੀ ਜਾਤ ਤੱਕ  ਹੋਈ ਸੀਮਿਤ
ਵਿਰਸੇ ਨੂੰ ਭੁਲਾ ਬੁਲੰਦੀਆਂ ਨੂੰ ਛੂਹਣਾ ਲੋਚੇ।
ਰੇਤ ਦੇ ਮਹਿਲ ਵਾਂਗ ਬਿਖਰਣ
ਆਪਣੇ ਵਿਰਸੇ ਨੂੰ ਜੋ ਵਿਸਾਰਦੇ ਨੇ।
ਜੀਵਨ ਤਾਂ ਰੀਲੇਅ ਦੌੜ ਵਾਂਗ ਹੁੰਦਾ
ਹਰ ਦੌੜਾਕ ਸਮਰੱਥਾ ਅਨੁਸਾਰ ਜ਼ੋਰ ਲਗਾਵੇ ਬੈਟਨ ਅੱਗੇ ਫੜਾਵੇ।
ਸਾਡੀ ਹੋਂਦ ਅਸੰਭਵ ਸੀ ਜੇ ਪੂਰਵਜ ਨਾ ਹੁੰਦੇ
ਵਿਰਸਾ ਕਦੇ ਨੂੰ ਨਾ ਭੁਲਾਵੋ ਬੁਲੰਦੀਆਂ ਨੂੰ ਜੇ ਛੂਹਣਾ ਚਾਹੋ।

# ਮਨ ਦਾ ਪੰਛੀ

ਮਨ ਦਾ ਪੰਛੀ ਟਹਿਕ ਜਾਵੇ
ਮੌਸਮ ਜਦ ਖੁਸ਼ਗਵਾਰ ਹੋਵੇ।
ਅੱਥਰਾ ਮੌਸਮ ਸਹਿ ਹੋ ਜਾਵੇ
ਮਨ ਅੰਦਰ ਜੇ ਬਹਾਰ ਹੋਵੇ।
ਆਪਣੇ ਜੇ ਬੇਗਾਨੇ ਹੋਵਣ
ਮਨ ਦਾ ਪੰਛੀ ਮੁਰਝਾਵੇ, ਵਿੱਚ ਬਹਾਰਾਂ ਰੋਵੇ।
ਦੁਨੀਆਂ ਹਮੇਸ਼ਾ ਮਤਲਬ ਦੀ ਰਹੀ
ਲੱਡੂ ਮੁੱਕ ਗਏ ਯਰਾਨੇ ਟੁੱਟ ਗਏ
ਕੱਚੀ ਯਾਰੀ ਲੱਡੂਆਂ ਦੀ।
ਸਵਾਰਥ ਦਾ ਸੁੱਖ ਮਿੱਠਾ ਲੱਗੇ
ਸਮਾਂ ਪੈਣ ਤੇ ਨਸੂਰ ਬਣ ਦੇਵੇ ਅਸਹਿ ਪੀੜਾ।
ਜਿਸ ਤਨ ਲੱਗੇ ਸੋ ਹੀ ਜਾਣੇ
ਦਿਲ ਦਰਿਆ ਸਮੁੰਦਰੋਂ ਡੂੰਘੇ ਤੇ ਕੌਣ ਦਿਲਾਂ ਦੀਆਂ ਜਾਣੇ।
ਜੋ ਬੀਜੋਗੇ ਸੋ ਹੀ ਵੱਢੋ ਇਹ ਹੈ ਅਟੱਲ ਸਚਾਈ।
ਖ਼ੁਸ਼ੀਆਂ ਖੇੜੇ ਜੇ ਤੁਸੀਂ ਲੋਚਦੇ
ਖ਼ੁਸ਼ੀਆਂ ਖੇੜੇ ਵੰਡੋ
ਸਵਾਰਥ ਦੀ ਦਲਦਲ 'ਚ ਫਸ ਨਾਂ ਬੀਜੋ ਕੰਡੇ।

## ਧਰਮ

ਧਰਮ ਪਹਿਲਾਂ ਕਿ ਮਨੁੱਖ ?
ਯਕੀਨਨ ਮਨੁੱਖ ਪਹਿਲਾਂ ਤੇ ਧਰਮ ਬਾਅਦ ਵਿੱਚ ਆਇਆ।
ਧਰਮ ਤਾਂ ਬੁੱਧੀ ਜੀਵੀਆਂ ਨੇ ਆਪਣੇ ਸਮੇਂ ਸਥਾਨ, ਖਿੱਤੇ ਅਨੁਸਾਰ ਮਨੁੱਖ ਨੂੰ
ਵਧੀਆ ਇਨਸਾਨ ਬਣਾਉਣ ਲਈ ਰਾਹ ਵਿਖਾਇਆ ਸੀ।
ਪਰ ਖੁਦਗਰਜ਼ ਮਨੁੱਖ ਆਪਣੇ ਰਾਹ ਨੂੰ ਹੀ ਸਭ ਤੋਂ ਉੱਤਮ ਸਮਝਣ ਲੱਗਾ
ਦੂਸਰੇ ਸਭ ਦੁੱਕੀ-ਤਿੱਕੀ ਜਾਣੇ, ਇਕ ਅੱਖ ਨਾ ਭਾਵਣ।
ਧਰਮ ਜੋ ਮਰਜ਼ੀ ਅਪਣਾਵੋ ਪਹਿਲਾਂ ਇਨਸਾਨ ਤਾਂ ਬਣਜਾਵੋ।
ਧਰਮ ਨੂੰ ਇਕ ਪਾਸੇ ਛੱਡ ਮਾਨਵਤਾ ਦੀ ਪਹਿਲਾਂ ਸਾਰ ਲਵੋ।
ਇਨਸਾਨ ਇਨਸਾਨੀਅਤ ਦਾ ਸਬਕ ਸਿਖਾਵੋ,
ਧਰਤੀ ਤੇ ਹੋਰ ਲਕੀਰਾਂ ਖਿੱਚ ਨਾ ਯੁੱਧ ਦੇ ਮੈਦਾਨ ਬਣਾਵੋ।
ਅਪਣਾ ਲਵੋ ਪੰਛੀਆਂ ਦਾ ਧਰਮ, ਹੱਦਾਂ ਸਰਹੱਦਾਂ ਦੇ ਝਗੜੇ ਮਿਟਾਵੋ।

# ਕਰੂੰਬਲਾਂ

ਕਰੂੰਬਲਾਂ ਦਾ ਸਥਾਨ ਸਭ ਤੋਂ ਉੱਚਾ
ਜੀਵਨ ਪ੍ਰਵਾਹ ਨੂੰ ਅੱਗੇ ਤੋਰਨ ਦੀ ਜ਼ੁੰਮੇਵਾਰੀ ਦਾ ਬੋਝ ਨਾਜ਼ੁਕ ਮੋਢਿਆਂ ਤੇ
ਦਰੱਖ਼ਤ ਦੀ ਉਚਾਈ ਨਿਰਭਰ ਕਰਦੀ ਜੜਾਂ ਦੀ ਡੂੰਘਾਈ, ਮਜ਼ਬੂਤੀ ਤੇ
ਜੜਾਂ ਮਜ਼ਬੂਤ ਹਨ ਤਾਂ ਪੌਦਾ ਜ਼ਰੂਰ ਉਚਾਈਆਂ ਨੂੰ ਛੋਹੇਗਾ।
ਪੋਤਰੇ ਦੀ ਆਮਦ ਤੇ ਮੈਨੂੰ ਕਰੂੰਬਲਾਂ ਫੁੱਟਣ ਦਾ ਅਹਿਸਾਸ ਹੋਇਆ ਸੀ।
ਕਰੂੰ ਬਲਾਂ ਵੱਧਣ ਫੁੱਲਣ ਟਹਿਣੀਆਂ ਬਣ ਜਾਵਣ
ਦਰੱਖ਼ਤ ਹਮੇਸ਼ਾ ਬੁਲੰਦੀਆਂ ਨੂੰ ਛੋਹਣਾ ਲੋਚੇ
ਇਹ ਤਾਂ ਹੀ ਸੰਭਵ ਹੈ ਜੇ ਕਰੂੰ ਬਲਾਂ ਫੁੱਟਦੀਆਂ ਰਹਿਣ।

# ਗਮਲੇ ਦੇ ਪੌਦੇ

ਮੇਰੇ ਕੋਲ ਕੋਈ ਵੱਡੀ ਜਗ੍ਹਾ ਨਹੀਂ
ਜਿਥੇ ਮੈਂ ਵੰਨ ਸੁਵੰਨੇ ਫੁੱਲਾਂ, ਫਲਾਂ ਦੇ ਹੋਰ ਬੂਟੇ ਲਗਾਵਾਂ।
ਥਾਂ ਥਾਂ ਜਾ ਬੂਟੇ ਲਗਾ
ਮੈਂ ਲੋਚਾਂ ਆਧੂਰੇ ਸੁਪਨੇ ਪੂਰੇ ਕਰ ਜਾਵਾਂ।
ਬੂਟੇ ਮੈਨੂੰ ਲੱਗਣ ਕੁਦਰਤ ਦੀ ਅਨਮੋਲ ਸੁਗਾਤ
ਹਮੇਸ਼ਾ ਵੰਡਣ ਜੀਵਨ ਦਾਤੀ ਹਵਾ
ਫਲ ਫੁੱਲ ਦੇ ਮਨੁੱਖਤਾ ਨੂੰ ਖ਼ੁਸ਼ਹਾਲ ਬਣਾਵਣ।
ਮੈਂ ਵੀ ਘਰ ਦੇ ਗਮਲਿਆਂ ਵਿੱਚ ਕੁੱਝ ਪੌਦੇ ਲਗਾ ਖ਼ੁਸ਼ੀ ਮਨਾਵਾਂ।
ਜੀਵਨ ਦਾ ਆਧਾਰ ਨੇ ਪੌਦੇ
ਥੋੜਾ ਪਾਣੀ, ਖਾਦ ਲੈ ਜੀਵਨ ਅਨੰਦ ਨਾਲ  ਭਰ ਜਾਵਣ।
ਆਓ ਰਲ ਮਿਲ ਪੌਦੇ ਲਗਾਈਏ
ਧਰਤੀ ਉੱਤੇ ਸਵਰਗ ਬਣਾਈਏ।

# ਭਵਿੱਖ ਦੀ ਕਵਿਤਾ

ਜਿਸ ਤਰ੍ਹਾਂ ਦੇ ਵਰਤਾਰੇ ਅੱਜਕਲ੍ਹ ਚਲ ਰਹੇ ਹਨ
ਲਗਦਾ ਭਵਿੱਖ ਦੀ ਕਵਿਤਾ ਵਿਚੋਂ ਅੱਜ ਦਾ ਬਹੁਤ ਕੁੱਝ ਮਨਫੀ ਹੋ ਜਾਵੇਗਾ।
ਮਨੁੱਖੀ ਕਦਰਾਂ ਕੀਮਤਾਂ ਇਨਸਾਨ, ਇਨਸਾਨੀਅਤ ਵਰਗੇ ਲਫਜ਼ ਅਲੋਪ ਹੋ ਜਾਣਗੇ।
ਸਬਰ-ਸੰਤੋਖ, ਸ਼ਾਂਤੀ, ਭਾਈਚਾਰਾ, ਇਨਸਾਨੀਅਤ, ਮਨੁੱਖਤਾ ਬਾਰੇ ਗੱਲ ਕਰਨੀ
ਬਕਵਾਸ ਲੱਗੇਗੀ।
ਦੂਜੇ ਗ੍ਰਹਿਆਂ ਤੇ ਵੱਸਣ ਦੀ ਹੋੜ ਲੱਗੇਗੀ
ਇਹ ਭੂਮੰਡਲ ਰਹਿਣ ਦੇ ਕਾਬਲ ਹੀ ਨਹੀਂ ਛੱਡਣਗੇ।
ਭੌਤਿਕਵਾਦ ਤੋਂ ਅੱਕੇ ਮਨੁੱਖ ਅਭਾਸੀ (virtual) ਦੁਨੀਆਂ ਵਿੱਚ ਜਿਉਣਾ ਪਸੰਦ ਕਰਨਗੇ।
ਰਿਸ਼ਤੇ, ਨਾਤੇ, ਪਿਆਰ, ਵਿਆਹ, ਦੋਸਤੀਆਂ ਸਭ ਬੀਤੇ ਦੀਆਂ ਗੱਲਾਂ ਹੋਣੀਆਂ।
ਸਚਮੁੱਚ ਹੀ ਮਨੁੱਖ ਪੂਰਨਤਾ ਵੱਲ ਵੱਧ ਰਿਹਾ ਹੈ/ ਜਾਂ ਆਪਣੇ ਅੰਤ ਵੱਲ।
ਮੈਂ ਖ਼ੁਦ ਇਹ ਸ਼ਬਦ ਬਿਨਾਂ ਕਿਸੇ ਪੈਨ, ਕਾਗਜ਼ ਦੇ ਲਿਖ ਰਿਹਾ ਹਾਂ ਜੋ ਕਦੇ ਸੋਚਿਆ ਵੀ
ਨਹੀਂ ਸੀ।